ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

## ਕਿਲ੍ਹਾ ਅਨੰਦਗੜ੍ਹ ਸਾਹਿਬ, ਸ੍ਰੀ ਅਨੰਦਪੁਰ

FEB 1993

ਫਰਵਰੀ ੧੯੯੩



ਕਲਗੀਧਰ ਜੀ ਦੇ ਅਰੰਭੇ 'ਹੋਲਾ ਮਹੱਲਾ' ਸਮਾਗਮ ਅਖੰਡ ਕੀਰਤਨ ਜਥਿਆਂ ਵਲੋਂ

ਗੁ: ਕਲਗੀਧਰ ਕੀਰਤਨ ਦਰਬਾਰ ਵਿਖੇ 6 ਤੋਂ 9 ਮਾਰਚ ਤਕ ਕੀਰਤਨ-ਰੰਗਾਂ ਵਿਚ ਮਾਣੋ

www.AKJ.Org

# ਤਤਕਰਾ


| | | |
|---|---|---|
| ਸੇਈ ਸੁੰਦਰ ਸੋਹਣੇ | ੩ | ਮਾਝ ਮਹਲਾ ੫ |
| ਨਾਮ ਅਭਿਆਸ ਦੀ ਗੁਰਮਤਿ ਜੁਗਤੀ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਭਗਤ ਬਾਣੀ ਕਿਵੇਂ ਉਚਾਰਨ ਹੋਈ ? | ੭ | ,, ,, ,, |
| ਭਗਤ ਬਾਣੀ ਤੇ ਭੱਟ ਬਾਣੀ | ੮ | ,, ,, ,, |
| ਜਿਨ੍ਹਾਂ ਨੂੰ ਜੰਡਾਂ ਨਾਲ ਬੰਨ੍ਹ ਕੇ ਸਾੜਿਆ ਗਿਆ | ੧੦ | ਪ੍ਰਿੰਸੀਪਲ ਕੁਲਦੀਪ ਸਿੰਘ ਜੀ |
| ਗੁੰਬੀ ਕੌਣ ਹੈ ? | ੧੪ | ਭਾਈ ਕਰਤਾਰ ਸਿੰਘ ਗਰੀਬ |
| ਸ੍ਰੀ ਨਨਕਾਣਾ ਸਾਹਿਬ ਦੀ ਮੇਰੀ ਯਾਤਰਾ | ੧੫ | ਪ੍ਰਿੰਸੀਪਲ ਗੁਰਮੁਖ ਸਿੰਘ ਜੀ |
| ਸੋਹਾਗਣ ਤੇ ਦੋਹਾਗਣ | ੧੭ | ਪ੍ਰੋਫੈਸਰ ਹਰਬੰਸ ਸਿੰਘ ਜੀ |
| ਧਰਮ ਅਤੇ ਰਾਜਨੀਤੀ | ੧੮ | ਐਡੀਟਰ 'ਗੁਰਸਿਖ ਸੰਜੋਗ' |
| ਸਿਖ ਸਮਾਜ ਸਨਮੁਖ ਵੰਗਾਰ–ਕੇਬਲ ਟੀ.ਵੀ. | ੧੯ | ਭਾਈ ਅਮਰਜੀਤ ਸਿੰਘ ਜੀ |
| ਕਬਿਤ ਸਵੱਯੇ ਭਾਈ ਗੁਰਦਾਸ ਜੀ (੧੩) | ੨੨ | — — — |
| ਅੰਮ੍ਰਿਤ ਛਕਣ ਦਾ ਚਮਤਕਾਰ | ੨੫ | 'ਗੁਰਮਤਿ ਕਰਮ ਫਿਲਾਸਫੀ' ਚੋਂ |
| ਸੁਵਣ ਸੁਤ ਰਜੇ ਗੁਰਬਾਣੀ | ੨੬ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਮਾਤਾ-ਖੀਵੀ | ੩੦ | ਪ੍ਰਿੰਸੀਪਲ ਸਤਿਬੀਰ ਸਿੰਘ ਜੀ |
| ਜੁਗਤ-ਜੂਠ ਤੰਬਾਕੂ ਨ ਸੇਵ | ੩੬ | ਸ: ਬਲਵਿੰਦਰ ਸਿੰਘ ਜੀ |
| ਦੂਜਿਆਂ ਦੀ ਨਜ਼ਰ ਵਿਚ ਖਾਲਸਾ (੩) (ਕਵਿਤਾ) | ੩੭ | ਸ: ਅਤਰ ਸਿੰਘ ਜੀ ਨੀਰ |
| ਐ ਜੀਵ ! ,, | ੩੮ | ਡਾਕਟਰ ਹਰਦਿਆਲ ਸਿੰਘ ਜੀ |
| ਅਖੰਡ ਕੀਰਤਨੀ ਜਥਾ-ਸ੍ਰੋ ਪੜਚੋਲ | ੩੯ | 'ਸੂਰਾ' ਪਰਵਾਰ |
| ਗੋਇੰਦਵਾਲ ਵਿਖੇ ਬਾਉਲੀ ਸਾਹਿਬ ਦੀ ਉਸਾਰੀ | ੪੯ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |


ਸ੍ਰੀ ਗੁਰੂ ਹਰਿ ਰਾਇ ਸਾਹਿਬ ਅਵਤਾਰ ਧਾਰਿਆ — ੫ ਫਰਵਰੀ

ਸ਼ਹੀਦੀ ਸਾਕਾ ਨਨਕਾਣਾ ਸਾਹਿਬ — ੨੧ ਫਰਵਰੀ

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਲੁਧਿਆਣਾ – ਭਾਈ ਮੋਹਕਮ ਸਿੰਘ ਜੀ, 16–ਚੀਮਾ ਪਾਰਕ, ਨੇੜੇ ਮਾਡਲ ਗ੍ਰਾਮ ਸਟੇਸ਼ਨ
੨. ਕਪੂਰਥਲਾ—ਭਾਈ ਚਰਨਪਾਲ ਸਿੰਘ, 799–ਏ, ਆਰ.ਸੀ.ਐਫ.
੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫੌਜਿੰਦਰ ਸਿੰਘ ਜੀ, ਪ੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ—(ੳ) ਰੋਹੀੜਾ–ਘੜੂਆਰਾ, *Via* ਅਹਿਮਦਗੜ੍ਹ, ਭਾ: ਸ਼ਨਦੀਪ ਸਿੰਘ ਜੀ
(ਅ) ਪਿੰਡ ਉਪੋਕੇ, (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੭ ਫਰੀਦਾਬਾਦ ਟਾਊਨ (ਹਰਿਆਣਾ) – ਭਾਈ ਬਲਵੰਤ ਸਿੰਘ ਜੀ, ੫–ਡੀ/੫੫ (੧੨੧੦੦੧)
੮. ਦਿੱਲੀ – ਭਾਈ ਹਰਦਿਤ ਸਿੰਘ ਜੀ, ਏ–੩੫, ਫ਼ਤਹ ਨਗਰ
੯. ਸਾਰੇ ਸਮਾਗਮਾਂ ਸਮੇਂ – ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੧੦. ਬਠਿੰਡਾ—ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ
੧੧. ਮੋਗਾ – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ. ਟੀ. ਰੋਡ, ਫ਼ੋਨ 43349
੧੨ ਅੰਮ੍ਰਿਤਸਰ – ਸਿੰਘ ਬ੍ਰਦਰਜ਼ ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 231520

ਸੂਚਨਾ–ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ



www.AKJ.Org

# ਸੂਰਾ

ੴ ਵਾਹਿਗੁਰੂ ਜੀ ਕੀ ਫ਼ਤਹਿ

ਮਾਸਕ — ਸ੍ਰੀ ਅੰਮ੍ਰਿਤਸਰ — ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੩੦-੦੦ |
| ਇਕ ਪਰਚਾ | ੩-੦੦ |

**ਪਰਦੇਸ (ਸਾਰੇ)**

**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੮੦-੦੦ |
| ਹਵਾਈ ਡਾਕ | ੨੫੦-੦੦ |

**Foreign Subscription**

| | |
|---|---|
| Sea Mail | 80-00 |
| Air Mail | 250-00 |

**ਆਨਰੇਰੀ**

**ਲਾਈਫ਼ ਮੈਂਬਰ**

| | |
|---|---|
| ਦੇਸ | ੨੫੦-੦੦ |
| ਸਮੁੰਦਰੀ ਡਾਕ | ੮੦੦-੦੦ |
| ਹਵਾਈ ਡਾਕ | ੨੦੦੦-੦੦ |

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੭ ਫ਼ਰਵਰੀ ੧੯੯੩ ਅੰਕ ੨


## ਸੇਈ ਸੁੰਦਰ ਸੋਹਣੇ ॥ ਸਾਧ ਸੰਗਿ ਜਿਨ ਬੈਹਣੇ ॥

ਨਿਤ ਨਿਤ ਦਯੁ ਸਮਾਲੀਐ ॥ ਮੂਲਿ ਨ ਮਨਹੁ ਵਿਸਾਰੀਐ ॥ਰਹਾਉ॥

ਸੰਤਾ ਸੰਗਤਿ ਪਾਈਐ ॥ ਜਿਤੁ ਜਮ ਕੈ ਪੰਥਿ ਨ ਜਾਈਐ ॥
ਤੋਸਾ ਹਰਿ ਕਾ ਨਾਮੁ ਲੈ ਤੇਰੇ ਕੁਲਹਿ ਨ ਲਾਗੀ ਗਾਲਿ ਜੀਉ ॥੧॥

ਜੋ ਸਿਮਰੰਦੇ ਸਾਂਈਐ ॥ ਨਰਕਿ ਨ ਸੇਈ ਪਾਈਐ ॥
ਤਤੀ ਵਾਉ ਨ ਲਗਈ ਜਿਨ ਮਨਿ ਵੁਠਾ ਆਇ ਜੀਉ ॥੨॥

ਸੇਈ ਸੁੰਦਰ ਸੋਹਣੇ ॥ ਸਾਧ ਸੰਗਿ ਜਿਨ ਬੈਹਣੇ ॥
ਹਰਿ ਧਨੁ ਜਿਨੀ ਸੰਜਿਆ ਸੇਈ ਗੰਭੀਰ ਅਪਾਰ ਜੀਉ ॥੩॥

ਹਰਿ ਅਮਿਉ ਰਸਾਇਣੁ ਪੀਵੀਐ ॥ ਮੁਹਿ ਡਿਠੈ ਜਨ ਕੈ ਜੀਵੀਐ ॥
ਕਾਰਜ ਸਭਿ ਸਵਾਰਿ ਲੈ ਨਿਤ ਪੂਜਹੁ ਗੁਰ ਕੇ ਪਾਵ ਜੀਉ ॥੪॥.....

[ਮਾਝ ਮਹਲਾ ੫ ਘਰੁ ੨, ਪੰਨਾ ੧੩੨



www.AKJ.Org

# ਨਾਮ ਅਭਿਆਸ ਦੀ ਗੁਰਮਤਿ ਜੁਗਤੀ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥
ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥੧॥
ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥੧॥ਰਹਾਉ॥
ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥
ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥੨॥
ਮਨੁ ਸੰਪਟੁ ਜਿਤੁ ਸਤਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥
ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ਹ ਬਿਧਿ ਸਾਹਿਬੁ ਰਵਤੁ ਰਹੈ ॥੩॥
ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ ॥
ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ ॥੪॥੧॥

[ਸੂਹੀ ਮ: ੧, ਪੰਨਾ ੭੨੮

ਵਿਆਖਿਆ—ਇਸ ਗੁਰ ਵਾਕ ਦੀ ਅਸਥਾਈ ਦੀ ਤੁਕ ਦਸਦੀ ਹੈ ਕਿ ਇਕ ਨਾਮ ਅਭਿਆਸ ਰੂਪੀ ਕਮਾਈ ਤੋਂ ਬਿਨਾਂ ਹੋਰ ਸਭੇ ਹੀ ਕੰਮ (ਕਰਮ) ਨਿਸਫਲ ਹਨ। ਤਾਂ ਤੇ ਨਾਮ ਅਭਿਆਸ ਕਮਾਈ ਰੂਪੀ ਕਰਮੁ, ਸਿਰ ਕਰਮਨ ਕੇ ਕਰਮੁ ਹੈ। ਨਾਮ ਅਭਿਆਸ ਕਮਾਈ ਰੂਪੀ ਕਰਮ ਕਰਨ ਤੋਂ ਪਹਿਲਾਂ ਅਤਿ ਜ਼ਰੂਰੀ ਹੈ ਕਿ ਸੌਚ ਇਸ਼ਨਾਨ ਕਰ ਕੇ ਕਮਾਈ ਵਿਚਿ ਜੁਟੇ, ਸਰੀਰਕ ਸਫਾਈ ਪਹਿਲਾਂ ਕਰਨੀ ਪਰਮ ਲਾਜ਼ਮੀ ਹੈ। ਮੈਦਾਨ (ਜੰਗਲ ਪਾਣੀ) ਜਾ ਕੇ ਦਾਤਣ ਕਰ। ਫੇਰ ਪੂਰਨ ਸ਼ੁੱਧਤਾ ਸਹਿਤ ਇਸ਼ਨਾਨ ਕਰ ਕੇ ਸੁੱਚੇ ਪਵਿਤਰ ਸਾਫ਼ ਬਸਤਰ ਸਜਾ ਕੇ ਅੰਮ੍ਰਿਤ ਵੇਲੇ ਰਾਤਰੀ ਦੇ ਪਿਛਲੇ ਪਹਿਰ ਨਾਮ ਜਪਣ ਹਿਤ ਜੁਟ ਕੇ ਬੈਠਣ ਲਈ ਤਿਆਰ ਹੋਵੇ। ਜਿਸ ਪ੍ਰਕਾਰ ਦੁੱਧ ਚੋਹਣ (ਧਾਰ ਕਢਣ) ਤੋਂ ਪਹਿਲ ਦੁੱਧ ਕੱਢਣ ਵਾਲੇ ਭਾਂਡੇ ਦੀ ਸਫ਼ਾਈ ਅਤੇ ਪਵਿੱਤਰਤਾ ਦਰਕਾਰ ਹੈ, ਏਸੇ ਪ੍ਰਕਾਰ ਨਾਮ ਅਭਿਆਸ ਕਰਮ ਕਮਾਈ ਰੂਪੀ ਦੁੱਧ ਚੋਹਣ ਲਈ ਪਹਿਲਾਂ ਸਰੀਰ ਦੀ ਸਫਾਈ ਅਤੇ ਪਵਿਤਰਤਾ ਅਤਿ ਲੋੜੀਂਦੀ ਸ਼ੈ ਹੈ। ਇਸ਼ਨਾਨ ਆਦਿਕ ਸਫਾਈ ਕੀਤਿਆਂ ਨਾ ਸਿਰਫ਼ ਸਰੀਰ ਪਵਿਤ੍ਰ ਹੀ ਹੁੰਦਾ ਹੈ ਬਲਕਿ ਤਨ ਕਰਕੇ ਸਾਵਧਾਨਤਾ ਅਤੇ ਸੁਚੇਤਤਾ ਹੋਇ ਆਉਂਦੀ ਹੈ। ਫੇਰ ਨਾਮ ਅਭਿਆਸ (ਕਰਮ) ਰੂਪੀ ਸੁਆਸਾਂ ਦਾ ਬਿਲੋਵਨਾ ਬਿਲੋਵਨ ਲਈ ਸੁਰਤਿ ਰੂਪੀ ਜਾਗ (ਸਮਾਇਣ, ਜਾਮਣ) ਸਤੇ ਸੁਭਾਵ ਹੀ ਲਗ ਜਾਂਦਾ ਹੈ। ਯਤਨ ਕੇਵਲ ਏਤਨਾ ਹੀ ਕਰਨਾ ਪੈਂਦਾ ਹੈ ਕਿ ਨਾਮ ਗੁਰ ਮੰਤ੍ਰ ਰੂਪੀ ਸ਼ਬਦ ਦੀ ਆਹਤ ਅਵਾਜ਼ ਨਾਲਿ ਸੁਰਤੀ ਨੂੰ ਲਾਵੈ ਜੋੜੇ। ਇਹ ਅਭਿਆਸੀ ਜਨ ਦਾ ਸੁਰਤਿ-ਸ਼ਬਦ-ਮਈ ਕਰਮ ਹੈ। ਸ਼ਬਦ-ਸੁਰਤ ਨਾਮ ਅਭਿਆਸ ਕਰਨ ਲਗਿਆਂ ਹੋਰ ਆਸ਼ਾਵਾਂ ਵਲੋਂ ਨਿਰਾਸਾ ਹੋ ਕੇ, ਹੋਰ ਸੰਕਲਪ-ਵਿਕਲਪੀ ਖ਼ਿਆਲਾਂ ਤੋਂ ਨਿਰਖਿਆਲਾ ਹੋ ਕੇ ਜੁਟ। ਇਕ ਵਾਰ ਪਹਿਲਾਂ ਪ੍ਰਿਥਮੇ ਇਤਨੀ ਹੀ ਦਮ-ਕਰਾਰੀ (ਇਕ ਛਿਨ ਭਰ ਮਨ ਦੀ ਅਸਥਿਤੀ) ਕਰਨ ਦੀ ਲੋੜ ਹੈ। ਫੇਰ ਨਾਮ ਅਭਿਆਸ ਸ਼ਬਦ-ਸੁਰਤਿ ਦੀ ਪਾਰਸ-ਕਲਾ ਆਪੇ ਹੀ ਸੁਰਤੀ ਨੂੰ ਲਿਵ-ਮਗਨ ਕਰ ਲਵੇਗੀ। ਇਤ ਬਿਧਿ ਸੁਆਸ ਅਭਿਆਸੀ ਸ਼ਬਦ ਸੁਰਤਾਸੀ ਪਾਰਸ-ਕਲਾ ਨਾਲ ਨਾਮ ਰੂਪੀ ਦੁੱਧ ਬਿਲੋਇਆ ਹੋਇਆ (ਰਿੜਕਿਆ ਹੋਇਆ) ਤੱਤ ਜੋਤਿ ਰਹੱਸੀ, ਆਤਮ ਵਿਗੱਸ੍ਰੀ ਮੱਖਣ ਉਪਜਾਉਂਦਾ ਹੈ, ਘਟ ਰੂਪੀ ਮਟਕੀ ਚਾਟੀ ਅੰਦਰਿ ਹੀ ਵਿਗਸਾਉਂਦਾ ਹੈ। ਇਸ ਘਟ ਸਰੀਰ ਰੂਪੀ ਮਟਕੀ ਅੰਦਰ ਨਾਮ ਅਭਿਆਸ ਰੂਪੀ ਸੁਰਤੀ ਸੁਆਸੀ ਜਾਗ ਵਾਲਾ ਦੁੱਧ-ਦਹੀਂ ਅਧਰਿੜਕਾ (ਮਲਾਈ ਵਾਲਾ


www.AKJ.Org

ਦਹੀਂ) ਬਿਲੋਇਆ ਰਿੜਕਿਆ ਜਾਂਦਾ ਹੈ। ਸਰੀਰ ਰੂਪੀ ਮਟਕੇ ਅੰਦਰਿ ਹੀ ਰਸ ਜੋਤਿ ਜਲਵੰਨੀ ਮੱਖਣ ਪਰਜੁਲਤਾਂ ਹੋ ਜਾਂਦਾ ਹੈ।

ਜਿਵੇਂ ਦੁੱਧ ਰਿੜਕਣੇ ਮਧਾਣੇ ਦੇ ਨੇਤ੍ਰੇ ਦੀਆਂ ਗੱਲੀਆਂ (ਈਟੀਆਂ) ਦੋਹਾਂ ਹੱਥਾਂ ਵਿਚ ਫੜ ਕੇ ਮਧਾਣੇ ਨੂੰ ਦੁੱਧ ਰਿੜਕਣ ਲਈ ਹਿਲਾਈਦਾ ਹੈ, ਇਸੇ ਪ੍ਰਕਾਰ ਨਾਮ ਅਭਿਆਸ ਦਾ ਬਿਲੋਵਨਾ ਬਿਲੋਵਨ ਲਈ ਮਨ ਦੀਆਂ ਸੁਰਤੀਆਂ ਨੂੰ ਜੋੜ ਕੇ ਅਰਧ ਉਰਧੀ ਸੁਆਸਾਂ ਦਾ ਸੁਰਤਿ-ਸ਼ਬਦ ਨਾਲਿ ਜੋੜਨਾ ਲਾਜ਼ਮੀ ਹੈ। ਜਿਵੇਂ ਨੇਤ੍ਰੇ ਦੀ ਗੱਲੀ ਇਕ ਹੱਥ ਨਾਲਿ ਫੜ ਕੇ ਤਾਂ ਆਪਣੇ ਵਲ ਖਿੱਚੀਦੀ ਹੈ ਅਤੇ ਦੂਜੇ ਹੱਥ ਵਾਲੀ ਗੱਲੀ ਢਿੱਲੀ ਛਡ ਕੇ ਪਰੇ ਨੂੰ ਜਾਣ ਦੇਈਦੀ ਹੈ, ਏਵੇਂ ਜਿਵੇਂ ਸ਼ਬਦ ਅਭਿਆਸ ਦਾ ਬਿਲੋਵਨਾ ਬਿਲੋਈਦਾ ਹੈ। ਸੁਆਸ ਸੁਰਤੀ ਨੂੰ ਖਿੱਚ ਕੇ 'ਵਾਹਿ' ਅਰਥ ਸ਼ਬਦ (ਨਾਮ) ਨੂੰ ਤਾਂ ਉਪਰ ਨੂੰ (ਅੰਤਰਗਤੀ) ਲਿਜਾਈਦਾ ਹੈ ਅਤੇ ਜੋਤਿ-ਚਮਕ-ਪਾਰਸੀ 'ਗੁਰੂ' ਨੂੰ ਰਸਨਾ ਤੇ ਰਸਾ ਕੇ, ਰੜਕਾ ਕੇ ਬਾਹਰਵਾਰ ਨੂੰ ਕਢੀਦਾ ਹੈ। ਇਸ ਬਿਧਿ ਸ਼ਬਦ ਬਿਲੋਵਨੀ ਨੇਤ੍ਰੇ ਰੂਪੀ ਖੰਡਾ ਪੂਰਨ ਸੁਰਤਿ ਅਭਿਆਸ ਨਾਲਿ ਇਕ-ਰਸ ਅਰਧ ਉਰਧੀ ਸੁਆਸਾਂ ਸੇਤੀ ਖੜਕਾਉਂਦੇ ਹੋਏ ਪੱਕੀ ਸਾਵਧਾਨਤਾ ਅਤੇ ਸੁਜਾਗਤਾ ਰਹਿੰਦੀ ਹੈ, ਕਦੇ ਆਲਸ ਨਹੀਂ ਆਉਂਦੀ। ਜਿਉਂ ਜਿਉਂ ਬਿਲੋਵਨਾ ਬਿਲੋਂਦਿਆਂ ਰਸ ਤੱਤ-ਜੋਤਿ ਰਹੱਸ ਉਗਵਣਾ ਅਰੰਭ ਹੁੰਦਾ ਹੈ ਤਿਉਂ ਤਿਉਂ ਸੁਆਸ ਅਭਿਆਸੀ ਖੰਡਾ ਪੂਰੀ ਜ਼ੋਰ ਭਰੀ ਸਾਵਧਾਨਤਾ ਨਾਲਿ ਵਧੇਰੇ ਤੋਂ ਵਧੇਰੇ ਖੜਕਦਿਆਂ ਖੜਕਦਿਆਂ ਫੇਰ ਆਤਮ ਰਸ ਦੇ ਬਿਸਮਾਦ ਸੁਆਦ ਦੇ ਅਧੀਨ ਆਪੋਂ ਹੀ ਸਾਵ-ਧਾਨਤਾ ਸੁਚੇਤਨੀ ਚੇਤੰਨਤਾ ਆਇ ਸੰਧਰਤ ਹੁੰਦੀ ਹੈ, ਜੋ ਕਦੇ ਆਲਸ ਨਿੰਦ੍ਰਾ ਆਉਣ ਹੀ ਨਹੀਂ ਦਿੰਦੀ। ਪਹਿਲਾ ਪਹਿਲਾਂ ਯਤਨ ਜ਼ਰੂਰ ਕਰਨਾ ਪੈਂਦਾ ਹੈ ਅਤੇ ਯਤਨ ਨਾਲਿ ਜਾਗ੍ਰਤ ਰਖਣ ਦਾ ਸੁਰਤ-ਉਪਰਾਲਾ ਕਰਨਾ ਪੈਂਦਾ ਹੈ। ਇਕੁਰ ਬਿਲੋਵਨਾ ਬਿਲੋਵਨ ਦੇ ਸਿਲਸਿਲੇ ਵਿਚਿ ਸਪੱਸ਼ਟ ਤੌਰ ਤੇ ਰਸਨਾ ਕਰਕੇ ਸੁਆਸਾਂ ਦੀ ਸੜ੍ਹ ਅੰਦਰਿ ਨਾਮ-ਜਾਪ ਦਾ ਹੁੰਦੇ ਰਹਿਣਾ ਪਰਮ ਜ਼ਰੂਰੀ ਹੈ।

ਐਸਾ ਨਾ ਹੋਵੇ ਕਿ ਨਿਰੀ ਸੁਆਸਾਂ ਦੀ ਹੀ ਆਹਤ ਆਵਾਜ਼ ਰਹਿ ਜਾਵੇ। ਇਹ ਆਹਤੀ ਸੁਆਸ-ਅਭਿਆਸ-ਨਾਮ ਉਚਾਰ ਦੇ ਰਸ-ਰੰਗਾਂ ਨਾਲਿ ਮਿਸਰਤ ਹੋਇਆ, ਰਸਨਾ ਤੋਂ ਨਿਕਸਦਾ ਰਹਿਣਾ ਅਤੀਅੰਤ ਲੋੜੀਂਦਾ ਹੈ। ਨਹੀਂ ਤਾਂ ਫੋਕੀ ਸੁਆਸ-ਧੌਂਕਣੀ ਦੀ ਹੌਂਕਣੀ ਨਾਲਿ ਅੰਮ੍ਰਿਤ ਤੱਤ-ਰਸ ਅਮਿਉ-ਮੱਖਣ ਨਹੀਂ ਨਿਕਲਣਾ, ਨਾ ਹੀ ਅਭਿਆਸ ਅਭਿਆਸਣੀਆ ਦੁੱਧ ਬਣਿਆ ਦੁੱਧ ਮਥਿਆ ਜਾਣਾ ਹੈ। ਇਸ ਬਿਧਿ ਦੁੱਧ ਦਾ ਮਥਣਾ ਰਿੜਕਣਾ ਅਕਾਰਥ ਹੀ ਜਾਵੇਗਾ। "ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ" ਆਸ ਕਰਿ ਰਸਨਾ ਦੇ ਨਾਲਿ ਰਸ ਰੜਕ ਨਾਲਿ ਸਪਰਸ਼ ਕੇ ਪਾਰਸ ਸ਼ਬਦ 'ਗੁਰੂ' ਦੀ ਧੁਨੀ ਦਾ ਧੁਨਤ ਹੋਣਾ ਅਤਿਅੰਤ ਹੀ ਲਾਜ਼ਮੀ ਸ਼ੈ ਹੈ। ਏਸੇ ਪ੍ਰਕਾਰ ਉਪਰ ਨੂੰ ਸੁਆਸ ਖਿਚਦਿਆਂ 'ਵਾਹ' ਸ਼ਬਦ ਦੀ ਸਪਰੱਸ਼ਤਾ ਦੀ ਨਿਰਾਲਮੀ ਛੁਹ ਹਲਕ ਤਾਲੂ ਅਤੇ ਉਪਰਲੇ ਦਸਮ ਦੁਆਰੀ ਪੁਲਾੜ ਅੰਦਰਿ ਨਿਗਲੀ ਜਾਣੀ ਚਾਹੀਦੀ ਹੈ, ਨਹੀਂ ਤਾਂ ਬਿਸਮਾਦਤਾ ਜ਼ਾਇਆ ਹੋ ਜਾਵੇਗੀ। ਇਹ ਬਿਸਮਾਦਤਾ ਪਾਰਸ-ਸ਼ਬਦ, ਧੁਰੋਂ ਆਏ ਪਰ ਬਿਸਮਾਦੀ ਪਾਰਸ ਸ਼ਬਦ ਦੀ ਛੁਹ ਨਾਲਿ, ਪਾਰਸ-ਪ੍ਰਭਾਵੀ ਛੁਹ ਨਾਲਿ ਹੀ ਹੈ। ਸੁੱਕੇ ਹੋਠਾਂ ਉਤਾਹਾਂ ਲਏ ਸਾਹਾਂ ਦੇ ਚੜ੍ਹਉ ਉਤਰਾਉ ਵਿਚਿ ਇਹ ਪਾਰਸ-ਕਲਾ ਨਹੀਂ ਧਰੀ ਪਈ। ਇਹ ਪਾਰਸ-ਕਲਾ ਵਾਲਾ ਅੰਮ੍ਰਿਤ-ਨਾਮ ਧੁਰ ਅਮਰ ਅਟਾਰਿਆਂ ਤੋਂ ਹੀ ਉਤਰਿਆ ਹੈ, ਕਿਸੇ ਦਾ ਬਣਾਇਆ ਨਹੀਂ ਬਣਿਆ। ਗੁਰੂ ਸਾਹਿਬ, ਅਸਾਡੇ ਧੁਰਿ ਅਮਰ ਦਰਗਾਹੀ ਬਸੀਠ ਨੇ ਅਸਾਡੇ ਤੇ ਇਹ ਪਰਮ ਅਮਰ ਪ੍ਰਸਾਦੀ ਕਿਰਪਾ ਕੀਤੀ ਕਿ ਇਹ ਅੰਮ੍ਰਿਤ-ਨਾਮ ਸਤਿਗੁਰੂ ਨੇ ਆਪਣੀ ਅੰਮ੍ਰਿਤ-ਕਲਾ ਦੁਆਰੇ ਅਧਿਕਾਰੀ ਜਨਾਂ ਦੇ ਅੰਤਰਿ-ਆਤਮੇ ਪਰਵੇਸ਼ ਕਰਨ ਦਾ ਧੁਰਵਾ ਬੰਨ੍ਹਿਆ। ਨਹੀਂ ਤਾਂ ਅਲਪਗ ਜੀਵਾਂ ਨੂੰ ਆਪਣੀ ਚਤੁਰਾਈ ਭਰੀ ਕਲਾਕਾਰੀ ਦੁਆਰਾ ਇਸ ਪਾਰਸ-ਭੂਤੀ-ਅੰਮ੍ਰਿਤ-ਨਾਮ ਨੂੰ ਵਰਤਣ ਦਾ ਕੀ ਚੱਜ ਹੋ ਸਕਦਾ ਹੈ! **ਆਪੋਂ ਬਣੇ ਆਪ-ਹੁਦਰੇ ਬਨਾਵਟੀ ਸੰਤਾਂ ਦੀ ਜੁਗਤੀ ਸਭ ਬਨਾਵਟੀ ਕੁਚੱਜਤਾ ਵਾਲੀ ਹੀ ਹੁੰਦੀ ਹੈ।**


www.AKJ.Org

ਸੱਚਾ ਸੁਰੱਜ ਸਤਿਗੁਰੂ ਦਸਮੇਸ਼ ਪਾਤਸ਼ਾਹ ਨੇ ਆਪਣੀ ਅਮਰ ਕਲਾ ਵਾਲੀ ਧੁਰ ਦਰਗਾਹੋਂ ਪੰਜ ਜਨਾਂ ਦੇ ਪੰਚਾਇਣੀ ਸੀਨਿਆਂ ਅੰਦਰਿ ਅਮਰ ਜੁਗਤੀ ਨਾਲਿ ਜੁਗਤਾ ਕੇ ਪ੍ਰਚੁਰ ਕੀਤਾ, ਤਾਕਿ ਪਾਰਸ ਰੂਪੀ ਅੰਮ੍ਰਿਤ-ਨਾਮ ਦੀ ਪਾਰਸ ਕਲਾ ਦੀ ਛੁਹ ਅਛਹ ਨਾ ਹੋ ਜਾਵੇ। ਮੁਖ ਰਸਨਾ ਸੇਤੀ ਅੰਮ੍ਰਿਤ-ਕਲਾਵੀ ਪਾਰਸ ਦਾ ਪਰਸਿਆ ਜਾਣਾ ਗੁਰਮਤਿ ਦੀ ਸਾਜ਼-ਸੁਰਾਜ਼ੀ ਗੁਹਜ ਜੁਗਤੀ ਹੈ, ਜੋ ਗੁਰਮੁਖਾਂ ਪੰਜਾਂ ਜਨਾਂ ਦੇ ,ਰਾਜ਼-ਮਰੰਮੀ ਸੀਨਿਆਂ ਅੰਦਰਿ ਪੁਸ਼ਤ ਬਪੁਸ਼ਤੀ ਪ੍ਰਚਲਤ ਹੋਈ ਚਲੀ ਆਉਂਦੀ ਹੈ, ਜੋ ਸ੍ਰੀ ਗੁਰੂ ਨਾਨਕ ਦਸਮੇਸ਼ ਦੇ ਸਮੇਂ ਤੋਂ ਲਾ ਕੇ ਲਗਾਤਾਰ ਚਲੀ ਆਉਂਦੀ ਹੈ। ਮਨਮੁਖਾਂ ਨੂੰ ਇਸ ਗੱਲ ਦਾ ਭੇਦ ਨਹੀਂ ਖੁਲ੍ਹਦਾ। ਨਾ ਹੀ ਖੁਲ੍ਹਣਾ ਚਾਹੀਦਾ ਹੈ। ਗੁਰਮਤਿ ਦਰਸਾਇਆ ਇਹ ਸਰਬੋਤਮ ਕਰਮ ਨਾਮ ਅਭਿਆਸ ਦੀ ਜੁਗਤੀ ਦਾ 'ਪੰਚ ਪਰਵਾਨ ਪੰਚ ਪਰਧਾਨੁ' ਗੁਰਮੁਖ ਪਿਆਰਿਆਂ ਨੂੰ ਹੀ ਸਸ਼ੋਭਤ ਹੈ। ਹੋਰਥੈਂ ਸੋਭਾ ਨਹੀਂ ਪਾਉਂਦਾ। ਨਾ ਹੀ ਹੋਰਥੈਂ ਇਸ ਅੰਮ੍ਰਿਤ-ਕਰਮ ਦਾ ਮਰਮ ਕਿਤੇ ਪਾਇਆ ਜਾਂਦਾ ਹੈ। ਬਸ, ਕੇਵਲ ਗੁਰੂ ਘਰ ਵਿਖੇ ਹੀ ਮਹਿਫੂਜ਼ ਹੈ। ਇਹ ਤਾਂ ਉਪਰਲੇ ਗੁਰਵਾਕ ਦੇ ਪਹਿਲੇ ਦੋ ਅੰਕਾਂ ਦਾ ਅਨੁਵਾਦ ਹੈ।

ਦੂਜੇ ਦੋ ਅੰਕਾਂ ਵਿਚਿ ਆਨਮਤੀਆਂ ਦੀ ਪਾਖੰਡ ਰੂਪ ਠਾਕੁਰ-ਪੂਜਾ ਦਾ ਖੰਡਨ ਕਰ ਕੇ, ਸੱਚੇ ਗੁਰਮਤਿ ਕਰਮ ਨੂੰ ਇਸ ਦੇ ਮੁਕਾਬਲੇ ਤੇ ਪਰਸਿੱਧ ਕਰ ਕੇ ਪਰਧਾਨ ਜਣਾਇਆ ਹੈ। ਆਨਮਤੀ ਕਰਮਚਾਰੀ ਪਾਹਨ (ਪੱਥਰਾਂ) ਦੇ ਠਾਕੁਰ ਬਣਾ ਕੇ (ਸੰਪਟੀ ਬੰਦ) ਡੱਬੇ ਵਿਚਿ ਰਖਦੇ ਹਨ, ਨਦੀ ਵਿਚ ਨਾਵਾਲਦੇ ਹਨ, ਪੱਤਿਆਂ (ਪੱਤਰਾਂ) ਤੇ ਫੁੱਲਾਂ ਦੇ ਚੜ੍ਹਾਵੇ ਚੜ੍ਹਾ ਕੇ ਆਪਣੇ ਮਨ-ਮੰਨੇ ਅਤੇ ਖ਼ੁਦ ਘੜੇ ਹੋਏ ਠਾਕਰਾਂ ਨੂੰ ਪ੍ਰਸੰਨ ਕਰਦੇ ਹਨ। ਇਸ ਪ੍ਰਕਾਰ ਦੀ ਪੂਜਾ ਵਾਲੇ ਆਨਮਤੀ ਕਿਰਿਆ ਕਰਮ ਦੇ ਮੁਕਾਬਲੇ ਵਿਚਿ ਰੱਬ ਦੇ ਰੀਝਾਉਣ ਵਾਲੀ ਅਸਲੀ ਗੁਰਮਤਿ ਅਗਲੇ ਦੋਹਾਂ ਅੰਕਾਂ ਵਿਚਿ ਇਸ ਪ੍ਰਕਾਰ ਦਰਸਾਉਂਦੇ ਹਨ ਅਗਾੜੇ ਗੁਰੂ ਗੁਰੂ ਨਾਨਕ ਸਾਹਿਬ ਜੀ, ਕਿ ਹਿਰਦੇ ਅੰਦਰਿ ਹਰੀ ਨੂੰ ਨਾਮ ਅਭਿਆਸ ਦੁਆਰਾ ਵਸਾ ਕੇ ਗੁਰੂ ਘਰ ਦੇ ਸਤਿਸੰਗ ਦਰਬਾਰ ਵਿਚਿ ਨਿਤਾਪ੍ਰਤਿ ਹਾਜ਼ਰੀ ਭਰੇ, ਜਿਸ ਕਰਕੇ ਸਾਰੀਆਂ ਕਦੂਰਤਾਂ (ਭੈੜੀਆਂ ਵਾਦੀਆਂ) ਦੂਰ ਹੋ ਜਾਂਦੀਆਂ ਹਨ ਅਤੇ ਇਹ ਮਨੂਆ ਭੀ ਸੁਅੱਛ ਹੋ ਕੇ ਨਿਰਮਲਤਾ ਵਾਲਾ ਹੋ ਜਾਂਦਾ ਹੈ। ਅਤੇ ਪ੍ਰੇਮ ਦਾ ਚੜ੍ਹਾਵਾ ਚੜ੍ਹਾ ਕੇ ਅਤੇ ਜੀਵਨ ਕੁਰਬਾਨੀ ਦੀ ਅਹੂਤੀ ਦੇ ਕੇ ਪੂਜਾ ਕਰਨ ਨਾਲਿ ਪਰਮਾਤਮਾ ਪ੍ਰਸੰਨ ਹੁੰਦਾ ਹੈ ਤੇ ਤੁਠਕੇ ਆਪਣਾ ਸਦੀਵੀ ਦਰਸ-ਮਿਲਾਪ ਬਖ਼ਸ਼ਦਾ ਹੈ। ਮਨ-ਹਿਰਦੇ ਨੂੰ ਹਰੀ ਦੇ ਨਿਵਾਸ ਦਾ ਘਟ-ਸੰਪਟੀ ਡੱਬਾ ਬਣਾਵੇ ਅਤੇ ਗੁਰੂ ਘਰ ਦੀ ਸਤਿਸੰਗਤਿ ਦੇ ਸਰੋਵਰ ਵਿਚਿ ਇਸ ਦਾ ਅਮਿਉ-ਮੱਜਨੀ ਇਸ਼ਨਾਨ ਕਰੇ। ਅਤੇ ਸ਼ਰਧਾ ਭਾਵਨੀ ਦੇ ਫੁੱਲ ਪੱਤਰ ਚੜ੍ਹਾ ਕੇ ਪਤੀ ਪਰਮੇਸ਼ਰ ਰੂਪੀ ਦੇਵਤੇ ਦੀ ਸੱਚੀ ਪ੍ਰਸੰਨਤਾ ਲਵੇ। ਆਪਣੇ ਪ੍ਰਾਣ ਤਕ ਭੀ ਅਰਪਨ ਕਰ ਕੇ ਸੇਵਕ ਜਨ ਸੇਵਾ ਰੂਪੀ ਪੂਜਾ ਕਰੇ। ਤਦ ਜਾ ਕੇ ਉਹ ਸੱਚੇ ਪ੍ਰੀਤਮ ਖਸਮ ਦਾ ਸੰਜੋਗ-ਰਸ ਮਾਣ ਸਕਦਾ ਹੈ, ਸ਼ਰਧਾ ਭਾਵਨੀ ਰੂਪ ਪੁਜਾਰੀ ਪਰਮਾਤਮ-ਦੇਵਤਾ ਨੂੰ ਤ੍ਰਿਪਤ ਕਰ ਸਕਦਾ ਹੈ। ਸਾਹਿਬ ਸੱਚੜੇ ਪਤੀ ਨੂੰ ਰਾਵਣ ਦਾ ਇਕੋ, ਇਕ ਜ਼ਰੀਆ ਇਹੋ ਹੈ ਕਿ ਪ੍ਰਾਣ ਮਨ ਤਨ ਸਭ ਕੁਛ ਉਸ ਦੀ ਸੇਵ ਦੇ ਮਾਰਗ ਵਿਚਿ ਅਰਪ ਦੇਵੇ। ਕਹਿਣ ਵਾਲੇ ਹੋਰ ਹੋਰ ਪੂਜਾਵਾਂ ਵਿਚਿ ਖਚਤ ਹੋ ਕੇ ਆਨ ਦੇਵ ਸੇਵਾ ਦੀ ਮਹਿਵਤਾ ਵਿਚ ਦੁਨੀਆ ਤੋਂ ਵਿਦਾ ਹੁੰਦੇ ਚਲੇ ਜਾਂਦੇ ਹਨ। ਪ੍ਰੰਤੂ ਹੇ ਵਾਹਿਗੁਰੂ! ਤੇਰੇ ਸਮਸਰ ਦਾ ਨਾ ਕੋਈ ਹੋਰ ਹੋਇਆ ਹੈ ਨਾ ਹੋਵੇਗਾ। ਭਗਤੀ ਤੋਂ ਹੀਣਿਆਂ ਦੀ ਇਹੀ ਜਾਚਨਾ ਹੋਣੀ ਚਾਹੀਦੀ ਹੈ ਕਿ ਇਕੋ ਵਾਹਿਗੁਰੂ ਦੀ ਸਿਫਤਿ ਸਾਲਾਹੀ ਸਾਲਾਹੁਣ ਕਰਮ ਕਮਾਉਣ ਨੂੰ ਮਿਲੇ। ਆਨ ਦੇਵ ਸੇਵ ਟੇਵ ਤੱਕੀ ਹੀ ਮਿਟ ਜਾਵੇ। ਸੋ ਗੁਰੂ ਨਾਨਕ ਸਾਹਿਬ ਭਗਤਿ-ਹੀਣਾਂ ਨੂੰ ਸੱਚਾ ਭਗਤੀ ਭਾਵ ਵਾਲਾ ਪ੍ਰਧਾਨ ਕਰਮ ਜਣਾਉਂਦੇ ਦ੍ਰਿੜ੍ਹਾਉਂਦੇ ਹਨ, ਜਿਸ ਪ੍ਰਧਾਨ ਗੁਰਮੁਖਿ ਕਰਮ ਦੇ ਬਰੋਬਰ ਹਰ ਕੋਈ ਕਰਮ ਨਹੀਂ, ਨਾ ਕੋਈ ਧਰਮ ਹੀ ਹੈ।

[ਗੁਰਮਤਿ ਕਰਮ ਫ਼ਿਲਾਸਫ਼ੀ' ਪੁਸਤਕ ਵਿਚੋਂ



www.AKJ.Org

# ਭਗਤ ਬਾਣੀ ਕਿਵੇਂ ਉਚਾਰਨ ਹੋਈ ?

## ਤੇ ਕਿਵੇਂ ਬੀੜ ਵਿਚ ਚੜ੍ਹੀ ?

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸਤਿਨਾਮ, ਕੇਵਲ ਗੁਰਮਤਿ ਨਾਮ ਹੀ ਹੈ ਅਤੇ ਗੁਰਮਤਿ ਨਾਮ ਕੇਵਲ ਇਕੋ ਹੀ ਹੈ, ਜੋ ਕੇਵਲ ਪ੍ਰਿਥਮ ਗੁਰੂ ਨਾਨਕ ਸਾਹਿਬ ਜੀ ਦੁਆਰਾ ਧੁਰ ਨਿਰੰਕਾਰ ਦੀ ਦਰਗਾਹ ਤੋਂ ਅਵਤਰਿਆ। ਇਸ ਪਰ ਕਈ ਸਜਨ ਇਹ ਸ਼ੰਕਾ ਕਰਦੇ ਹਨ ਕਿ "ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਜੋ ਭਗਤ ਜਨ-ਭਗਤ ਕਬੀਰ, ਨਾਮਦੇਵ, ਰਵਿਦਾਸ ਜੀ ਆਦਿਕ ਹੋਏ, ਕੀ ਉਨ੍ਹਾਂ ਨੇ ਸੰਸਾਰ ਵਿਚ ਸਤਿਨਾਮ ਦਾ ਪਰਚਾਰ ਨਹੀਂ ਕੀਤਾ ? ਸਤਿਨਾਮ ਦੇ ਦ੍ਰਿੜ੍ਹਾਇਕ ਹੋਣ ਕਰਿ ਹੀ ਤਾਂ ਉਨ੍ਹਾਂ ਦੀ ਬਾਣੀ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ, ਆਦਿ।"

ਇਸ ਸ਼ੰਕਾ-ਨਵਿਰਤੀ ਨਮਿਤ ਗੁਰਮਤਿ ਦੇ ਚਾਨਣੇ ਜੋ ਖੋਜ ਪ੍ਰਾਪਤ ਹੋਈ, ਉਹ ਇਸ ਤਰ੍ਹਾਂ ਹੈ :—

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਸਾਹਿਬ ਨੇ ਭਗਤਾਂ ਦੀ ਉਹ ਬਾਣੀ ਨਹੀਂ ਚੜ੍ਹਾਈ ਜੋ ਭਗਤਾਂ ਨੇ ਜਨਮ ਧਾਰ ਕੇ ਭਗਤੀ ਜਾਮੇ ਵਿਚ ਅਤੇ ਭਗਤੀ ਭਾਵ ਦੇ ਉਮਾਹ ਵਿਚ ਆ ਕੇ ਉਚਾਰਨ ਕੀਤੀ, ਬਲਕਿ ਉਹ ਬਾਣੀ ਚਾੜ੍ਹੀ ਹੈ, ਜੋ ਗੁਰੂ ਸਾਹਿਬ ਜੀ ਦੀ ਅਗਾਧ ਕਲਾ ਦਵਾਰਾ ਭਗਤਾਂ ਦੇ ਦਿਵਯ ਜੋਤੀ ਜਾਮੇ ਸਮੇਤ ਗੁਰੂ-ਪਾਰਸ-ਸ਼ਕਤਿ-ਕਲਾ-ਸੰਪੰਨ ਹੋ ਕੇ ਅਤੇ ਸੋਲ੍ਹਾਂ ਕਲਾ ਸੰਪੂਰਨ ਹੋ ਕੇ ਗੁਰਬਾਣੀ ਸਦੱਰਸ਼ ਹੀ ਧੁਰ ਅਗੰਮੀ ਦਰਗਾਹ ਤੋਂ ਅਵਤਰੀ। ਭਗਤ ਜਨਾਂ ਦੇ ਜਗ-ਜਨਮੇ ਜਾਮੇ ਵਿਚ ਉਚਾਰਨ ਹੋਈ ਬਾਣੀ ਚਾਹੇ ਭਗਤੀ ਭਾਵ ਵਾਲੀ ਸੀ, ਪਰ ਗੁਰ-ਪਾਰਸ-ਕਲਾ-ਸੰਪੰਨ ਅਤੇ ਸਰਬ ਕਲਾ ਸੰਪੂਰਨ ਬਾਣੀ ਨਹੀਂ ਸੀ, ਉਸ ਵਿਚ ਊਣਤਾ ਸੀ। ਏਸੇ ਕਰਕੇ ਗੁਰੂ ਸਾਹਿਬ ਨੇ ਉਹ ਨਹੀਂ ਚੜ੍ਹਾਈ, ਨਹੀਂ ਤਾਂ ਕਬੀਰ-ਪੰਥੀ ਆਦਿਕ ਸੰਪ੍ਰਦਾਵਾਂ ਅੰਦਰ ਭਗਤਾਂ ਦੀਆਂ ਉਚਾਰਨ ਕੀਤੀਆਂ ਬਾਣੀਆਂ ਦੇ ਪੁਸਤਕਾਂ ਦੇ ਪੁਸਤਕ ਪਾਏ ਜਾਂਦੇ ਹਨ, ਪਰ ਓਹਨਾਂ ਪੁਸਤਕਾਂ ਵਿਚ ਦਰਜ ਹੋਈ ਬਾਣੀ ਵਿਚੋਂ ਕਿਸੇ ਭਗਤ ਦੀ ਬਾਣੀ ਭੀ ਗੁਰੂ ਸਾਹਿਬ ਨੇ ਨਹੀਂ ਚੜ੍ਹਾਈ, ਨਾ ਹੀ ਉਨ੍ਹਾਂ ਪੁਸਤਕਾਂ ਦੀ ਬਾਣੀ ਵਿਚੋਂ ਛਾਂਟਵੀਂ ਤੇ ਚੋਣਵੀਂ ਬਾਣੀ ਹੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ ਗਈ। ਗੁਰੂ ਗ੍ਰੰਥ ਸਾਹਿਬ ਵਿਚ ਸੋਈ ਬਾਣੀ ਚੜ੍ਹੀ ਜੋ ਗੁਰੂ ਦੇ ਅਗਾਧ ਭਾਣੇ ਅੰਦਰਿ ਗੁਰਬਾਣੀ ਧੁਰ ਕੀ ਬਾਣੀ ਬਣੀ, ਅਰਥਾਤ ਗੁਰ-ਪਾਰਸ-ਕਲਾ ਸੰਪੰਨ ਹੋ ਕੇ ਅਵਤਰੀ ਹੈ।

ਜਗਤ ਵਿਖੇ ਜਨਮੇ ਭਗਤ ਜਨਾਂ ਨੂੰ ਗੁਰੂ-ਅਵਤਾਰ ਦੀ ਪਦਵੀ ਨਹੀਂ ਮਿਲੀ। ਉਹ ਭਗਤ ਅਵਤਾਰ ਸਦਵਾਏ, ਗੁਰੂ-ਅਵਤਾਰ ਨਹੀਂ ਹੋਏ। ਗੁਰੂ-ਅਵਤਾਰ ਦੀ ਪਦਵੀ ਕੇਵਲ ਸਤਿਗੁਰੂ ਨਾਨਕ ਸਾਹਿਬ ਨੂੰ ਹੀ ਪ੍ਰਾਪਤ ਹੋਈ। ਲੋਕਾਚਾਰ ਗੁਰੂ ਪਦ ਦੀਆਂ ਪਦਵੀਆਂ ਵਾਲੇ ਗੁਰੂ ਰਾਮਾਨੰਦ, ਗੋਰਖ ਆਦਿਕ ਬਥੇਰੇ ਆਪੇ ਹੀ ਬਣ ਬਣ ਬੈਠੇ, ਪ੍ਰੰਤੂ ਉਹ ਧੁਰ ਦਰਗਾਹੋਂ ਗੁਰੂ ਨਹੀਂ ਥਾਪੇ ਗਏ। ਇਨ੍ਹਾਂ ਲੋਕਾਚਾਰੀ ਆਪੇ ਬਣ ਬੈਠੇ ਗੁਰੂਆਂ ਦੀ ਸ਼ਰੇਣੀ ਵਿਚੋਂ ਕਿਸੇ ਨੇ ਭੀ ਗੁਰੂ ਅਕਾਲ ਪੁਰਖ ਨੂੰ ਗੁਰੂ ਧਾਰਨ ਨਹੀਂ ਕੀਤਾ। ਕਿਸੇ ਭਗਤ ਯਾ ਅਵਤਾਰ ਦਾ ਗੁਰੂ ਅਕਾਲ ਪੁਰਖ ਨਹੀਂ ਹੋਇਆ। ਜਿਤਨੀਆਂ ਭੀ ਸ਼ੁਰੇਣੀਆਂ, ਸੰਪ੍ਰਦਾਵਾਂ ਤੇ ਮਤਾਂ ਦੇ ਚਲਾਉਣ ਵਾਲੇ ਮੋਢੀ ਅਵਤਾਰ ਭਗਤ ਹੋਏ, ਉਨ੍ਹਾਂ ਆਪ ਹੀ ਉਹ ਮੱਤ ਚਲਾਏ ਤੇ ਆਪ ਹੀ ਉਨ੍ਹਾਂ ਦੇ ਮੋਢੀ ਸਦਾਏ ਤੇ ਆਪੇ ਹੀ ਗੁਰੂ ਬਣ ਬਣ ਬੈਠੇ। ਕਿਸੇ ਇਕ ਨੂੰ ਭੀ ਅਕਾਲ ਪੁਰਖ ਦੀ ਦਰਗਾਹੋਂ ਗੁਰੂ ਮਰਤਬੇ ਦੀ ਪ੍ਰਾਪਤੀ ਦੀ ਨਦਰ ਮਿਹਰ ਨਹੀਂ ਹੋਈ, ਨਾ ਹੀ ਕਿਸੇ ਨੇ ਅਕਾਲ ਪੁਰਖ ਦੇ ਪ੍ਰਾਇਣ ਹੋ ਕੇ ਮੱਤ ਚਲਾਏ। ਉਹ ਆਪੇ ਹੀ ਲੋਕ-ਮਨੌਤੀ ਵਾਲੇ ਗੁਰੂ ਸਦਵਾਏ। ਉਨ੍ਹਾਂ ਦੀ ਗੁਰੂ ਪਦਵੀ ਵਾਲੀ ਥਾਪਨਾ ਧੁਰ ਦਰਗਾਹੋਂ ਏਜ਼ਦੀ ਤੋਂ ਨਹੀਂ ਹੋਈ, ਇਸ ਕਰਕੇ ਉਹ ਸੱਚੇ ਗੁਰੂ, ਅਰਥਾਤ ਸਤਿਗੁਰੂ ਨਹੀਂ ਹਨ। ਨਾ ਹੀ ਉਨ੍ਹਾਂ ਦੀ ਬਾਣੀ ਹੀ ਸਤਿ ਬਾਣੀ ਕਹਾ ਸਕਦੀ ਹੈ। ਕੇਵਲ ਸਤਿਗੁਰੂ ਦੀ ਬਾਣੀ ਹੀ ਸਤ ਬਾਣੀ ਅਰਥਾਤ ਗੁਰਬਾਣੀ ਹੈ। ਕੇਵਲ ਗੁਰੂ ਨਾਨਕ ਸਾਹਿਬ ਹੀ ਸੱਚੇ ਗੁਰੂ



www.AKJ.Org

(ਸਤਿਗੁਰੂ) ਹਨ, ਕਿਉਂਕਿ ਉਨ੍ਹਾਂ ਨੂੰ ਗੁਰੂ ਥਾਪਨਾ ਅਰਥਾਤ ਸਤਿਗੁਰੂ ਦੀ ਪਦਵੀ ਧੁਰ ਦਰਗਾਹੋਂ ਮਿਲੀ। ਇਸ ਕਰਕੇ "ਸਤਿਗੁਰ ਬਾਝਹੁ ਗੁਰੁ ਨਹੀ ਕੋਈ"* ਦੇ ਵਾਕ ਅਨੁਸਾਰ ਸਤਿਗੁਰੂ ਹੀ ਸੱਚਾ ਗੁਰੂ ਹੈ। ਸਤਿਗੁਰ ਬਿਨਾਂ ਹੋਰ ਕੋਈ ਗੁਰੂ ਨਹੀਂ, ਜੇ ਹਨ ਤਾਂ ਕਚੇ ਗੁਰੂ, ਨਾਮ-ਧਰੀਕ ਲੋਕਾਚਾਰੀ ਆਪੇ ਬਣ ਬੈਠੇ ਗੁਰੂ ਹਨ ਅਤੇ ਸਤਿਗੁਰ ਦੀ ਬਾਣੀ ਬਾਝੋਂ ਹੋਰ ਸਭ ਕੱਚੀ ਬਾਣੀ ਹੈ। ਕੇਵਲ ਸਤਿਗੁਰ ਦੀ ਬਾਣੀ ਹੀ ਸੱਚੀ ਹੈ :—

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥੨੩॥
ਰਾਮਕਲੀ ਮ ੩ ਅਨੰਦੁ, ਪੰਨਾ ੯੨੦

ਸੋ ਗੁਰੂ ਕੀ ਬਾਣੀ ਹੀ ਸੱਚੀ ਬਾਣੀ, ਬਾਣੀਆਂ ਸਿਰ ਬਾਣੀ ਹੈ ਤੇ ਬਾਕੀ ਹੋਰ ਬਾਣੀ ਚਾਹੇ ਕਿਸੇ ਭਗਤ ਦੀ ਉਚਾਰਨ ਕੀਤੀ ਹੋਈ ਹੈ, ਚਾਹੇ ਕਿਸੇ ਬ੍ਰਹਮ ਬੇਤੇ ਗਿਆਨ-ਅਵਤਾਰੀ ਦੀ ਹੈ, ਉਹ ਸਭ "ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ"† ਦੇ ਗੁਰਵਾਕ ਅਨੁਸਾਰ ਕੱਚੀ ਹੈ। ਕੱਚੀ ਬਾਣੀ ਸਮਝ ਕੇ ਹੀ ਕਾਹਨੇ ਆਦਿ ਭਗਤਾਂ ਦੀਆਂ ਉਚਾਰਨ ਕੀਤੀਆਂ ਬਾਣੀਆਂ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਚੜ੍ਹਾਈਆਂ। ਇਹ ਕਾਹਨੇ ਆਦਿ ਭਗਤ ਇਸ ਖ਼ਿਆਲ ਨਾਲ ਆਏ ਸਨ ਕਿ ਜਿਵੇਂ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਭਗਤਾਂ ਦੀਆਂ ਬਾਣੀਆਂ ਗੁਰੂ ਸਾਹਿਬ ਨੇ ਚੜ੍ਹਾਈਆਂ ਹਨ, ਇਸ ਤਰ੍ਹਾਂ ਸਾਡੀਆਂ ਭੀ ਚੜ੍ਹ ਜਾਣਗੀਆਂ। ਉਹ ਆਪਣੇ ਜਾਣੇ ਇਹ ਸਮਝ ਕੇ ਆਏ ਸਨ ਕਿ ਗੁਰੂ ਸਾਹਿਬ ਨੇ ਭਗਤਾਂ ਦੀ ਭਗਤ-ਭੂਤਕੀ-ਜਾਮੇ ਵਿਚ ਜਨਮ ਧਾਰ ਕੇ ਉਚਾਰੀ ਹੋਈ ਬਾਣੀ ਹੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ ਹੈ। ਉਹਨਾਂ ਨੂੰ ਇਹ ਪਤਾ ਨਹੀਂ ਸੀ ਕਿ ਗੁਰੂ ਸਾਹਿਬ ਨੇ ਗੁਰੂ-ਅਕਾਲ-ਕਲਾ-ਕ੍ਰਿਸ਼ਮੀ-ਤੇਜ-ਪਰਤਾਪ ਉਦੋਤ ਕਰਿ, ਹੁਕਮ ਧੁਰੰਧਰੀ ਚਲਤ ਵਰਤਾ ਕੇ ਦਿਬਯ ਜੋਤੀ ਭਗਤਾਂ ਦੀਆਂ ਰੂਹਾਂ ਨੂੰ ਉਨ੍ਹਾਂ ਦੀ ਹੁਬ ਅਨੁਸਾਰ ਕਰਮ ਖੰਡ ਵਿਚੋਂ ਉਤਰਵਾਇ ਕੇ ਸ਼ਬਦ-ਗੁਰ-ਸੱਤਾ ਦੇ ਕੇ ਪਰਤੱਖ ਸਾਕਾਰੀ ਦਿੱਬਯ ਸਰੂਪ ਵਿਚ ਸਾਵਧਾਨ ਕੀਤਾ, ਅਤੇ ਕਰਮ ਖੰਡੋਂ ਸਚਖੰਡ ਦੇ ਵਾਸੀ ਕਰਾ ਨਿਰੰਕਾਰੀ ਸਮੀਪਤਾ ਦਾ ਭਾਗੀ ਬਣਾਇਆ ਅਤੇ ਨਿਰੰਕਾਰੀ ਹੁਕਮ ਅੰਦਰ ਗੁਰ-ਪਾਰਸ-ਕ੍ਰਿਸ਼ਮੀ-ਪ੍ਰਭਾਵ ਸਿੰਚਾਰ ਕਰ 'ਬੋਲਾਇਆ ਬੋਲੀ ਤੇਰਾ'‡ ਗੁਰਵਾਕ ਦੇ ਭਾਵ ਅਨੁਸਾਰ ਬੋਲਣ ਦਾ ਅਧਿਕਾਰੀ ਬਣਾਇਆ।

ਹਾਂ ਜੀ ! ਇਉਂ ਧੁਰ ਖਸਮ ਰਜ਼ਾ ਦੁਆਰਾ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਤੇ ਸੁਸ਼ੋਭਤ ਹੋਈ ਭਗਤ ਬਾਣੀ ਆਈ। ਲਿਖਤ-ਉਤਾਰਿਆਂ ਕਰਿ ਦਰਜ ਨਹੀਂ ਹੋਈ। ਹੁਕਮ ਏਜ਼ਦੀ, ਗੁਰ-ਨਦਰ ਕਟਾਕਸ਼ੀ-ਭਾਣਿਆਂ ਅੰਦਰ ਹੀ ਧੁਰੋਂ ਉਤਰੀ।

### ਕਲਾਧਾਰੀ ਸਤਿਗੁਰੂ ਦਾ ਨਦਰ ਕਰੰਮੀ ਕ੍ਰਿਸ਼ਮਾ

# ਭਗਤ ਬਾਣੀ ਤੇ ਭੱਟ ਬਾਣੀ

ਕਲਾਧਾਰੀ ਸਮਰੱਥ ਸਤਿਗੁਰੂ ਦੀ ਇਹ ਵੱਡੀ ਵਡਿਆਈ ਹੈ ਕਿ ਤਨਕ ਮਾਤ੍ਰ ਨਦਰ ਕਰੰਮੀ ਕ੍ਰਿਸ਼ਮਾ ਵਰਤਾ ਕੇ ਵਕੂਫ਼ ਹੀਣ ਗੰਰਿਆਂ, ਖਲ ਮੂਰਖਾਂ ਨੂੰ ਭੀ ਅਪ੍ਰੋਕਸ਼ ਗਿਆਨ ਦੀ ਤਤ ਅਵਸਥਾ ਦਾ ਸਾਖਸ਼ਾਤਕਾਰ ਕਰਾ ਦੇਣ। ਗੁਰੂ ਅੱਠਵੇਂ ਪਾਤਸ਼ਾਹ ਜੀ ਨੇ ਪੰਜੋਖਰੇ ਸਾਹਿਬ ਵਿਚ ਇਕ ਖੱਲ ਮੂਰਖ ਨੂੰ ਆਪਣੀ ਆਕਰਖਣੀ ਛਿਟੀ ਦਾ ਸਪੱਰਸ਼ ਕਰਾ ਗੂੜ੍ਹ ਸੰਸਕ੍ਰਿਤੀ ਸਪਤ-ਸਲੋਕੀ-ਗੀਤਾ ਦਾ ਤਤ-ਬੇਤਾ ਗਿਆਨ ਬਕਤਾ ਅਤੇ ਅਰਥ-

---

* ਆਸਾ ਮ: ੩ ਪਟੀ, ਅੰਕ ੧੩, ਪੰਨਾ ੪੩੫

† ਰਾਮਕਲੀ ਮ: ੩ ਅਨੰਦੁ, ਅੰਕ ੨੪, ਪੰਨਾ ੯੨੦ ‡ ਸੋਰਠਿ ਮ: ੫, ॥੪॥੬॥੫੬॥ ਪੰਨਾ ੬੨੩



www.AKJ.Org

ਬੋਧ-ਵਖਿਆਤਾ ਬਣਾ ਦਿਤਾ। ਓਹ ਤਤ-ਗਿਆਨ ਵਖਿਆਨ ਗੁਰੂ ਕਲਾ ਦੁਆਰਾ ਵਰਤਿਆ। ਤਾਂ ਤੇ ਉਹ ਗੁਰ-ਸੱਤਾ ਵਾਲਾ ਗਿਆਨ ਵਖਿਆਨ ਸੀ, ਨਾ ਕਿ ਉਹ ਮੂਰਖ ਦਾ ਗਿਆਨ।

ਸੱਤੇ ਬਲਵੰਡ ਦੀ ਕਥਾ ਭੀ ਇਹੋ ਦਸਦੀ ਹੈ ਕਿ ਸਤੇ ਬਲਵੰਡ ਦੇ ਅੰਤਰ ਆਤਮੇ ਸਤਿਗੁਰੂ ਨੇ ਅਗਾਧ ਕਲਾ ਵਰਤਾ ਕੇ ਉਨ੍ਹਾਂ ਦੇ ਮੁਖੋਂ 'ਸਤੇ ਬਲਵੰਡ ਕੀ ਵਾਰ' ਉਚਾਰਨ ਕਰਾਈ, ਨਹੀਂ ਸੱਤੇ ਬਲਵੰਡ ਦੀ ਕੀ ਸ਼ਕਤੀ ਸੀ ਬਾਣੀ ਉਚਾਰਨ ਦੀ। ਉਹ ਬਾਣੀ ਸਤੇ ਬਲਵੰਡ 'ਪ੍ਰਥਾਇਕ ਵਡਿਆਈ ਦੀ ਬਖਸ਼ੀਸ਼ ਵਾਲੀ ਬਾਣੀ ਹੋਣ ਕਰਿ, ਸਤੇ ਬਲਵੰਡ ਦੀ ਬਾਣੀ ਦੇ ਨਾਮ ਨਾਲ ਪ੍ਰਸਿੱਧ ਹਈ, ਪ੍ਰੰਤੂ ਵਾਸਤਵ ਵਿਚ ਹੈ ਉਹ ਗੁਰਬਾਣੀ ਤੇ 'ਆਖੀ ਬਲਵੰਡ ਤਥਾ ਸਤੇ ਡੂਮ ਨੇ'। ਅਖਵਾਈ ਸਮਰੱਥ ਸਤਿਗੁਰੂ ਕਲਾਧਾਰੀ ਨੇ। ਨਹੀਂ ਤਾਂ ਸੱਤੇ ਬਲਵੰਡ ਦੀ ਕੀ ਸਮਰੱਥਾ ਸੀ ?

ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥੩॥ (੫॥੧੨੯)

ਗਉੜੀ ਮ: ੫, ਪੰਨਾ ੨੦੬

ਤਾਂ ਤੇ ਗੁਰ-ਕਲਾ-ਕ੍ਰਿਸ਼ਮੀ ਹੋਣ ਕਰਿ ਸਤੇ ਬਲਵੰਡ ਵਾਲੀ ਬਾਣੀ ਗੁਰਬਾਣੀ ਹੈ।

ਭੱਟਾਂ ਵਿਚ ਕੀ ਸ਼ਰਧਾ ਸਮਰੱਥਾ ਸੀ। ਜੁਗ-ਜੁਗਾਂਤ੍ਰੀ ਚੁਰਾਸੀ ਦੇ ਗੇੜ ਵਿਚ ਭਰਮਦੇ ਭਟਕਦੇ ਵੇਦ-ਅਵਤਾਰੀ ਬ੍ਰਹਮੇ ਆਦਿਕ ਜੰਤ ਜੋਉੜੇ ਕਲਿਜੁਗ ਵਿਖੇ ਜਨਮ ਧਾਰ ਕਲਿਆਣ ਨਮਿੱਤ ਸਤਿਗੁਰੂ ਦੀ ਸ਼ਰਨ ਆਏ ਤਾਂ ਸਤਿਗੁਰੂ ਨੇ ਪਰਮ ਕਿਰਪਾ ਧਾਰਿ ਉਨ੍ਹਾਂ ਦਾ ਉਧਾਰ ਕੀਤਾ। ਨ ਸਿਰਫ ਉਧਾਰ ਹੀ ਕੀਤਾ, ਬਲਕਿ ਧੁਰ ਹੁਕਮ ਰਜਾਈ ਲੀਲ੍ਹਾ ਚਲਤ ਵਰਤਾਇ ਕੇ ਜੁਗਾਂ ਪ੍ਰਯੰਤ ਕਾਇਮ ਰ੍ਹਹਿਣ ਵਾਲੀ, ਗੁਰ-ਕਲਾ-ਕ੍ਰਿਸ਼ਮੀ-ਨਜ਼ੀਰ ਖੜੀ ਕਰ ਲਈ, ਉਨ੍ਹਾਂ ਦੇ ਮੁਖੋਂ—ਹਾਂ ਜੀ ਉਨ੍ਹਾਂ ਦੇ ਨਵ-ਜਿੰਦ-ਜੀਵਨੀ ਮੁਖ ਤੋਂ ਅੰਮ੍ਰਿਤ ਬਾਣੀ ਦਾ ਸੋਮਾ ਸਰਸ਼ਾਰ ਕਰਾਇਆ। **ਇਸ ਬਿਧਿ ਜੋਤਿ ਜੁਗਤੀ ਕਲਾ ਕਉਤਕ ਦੁਆਰਾ ਭੱਟਾਂ ਦੇ ਘਟਾਂ ਵਿਚੋਂ ਸਫੁਟ ਹੋਈ ਬਾਣੀ ਅੰਮ੍ਰਿਤ ਬਾਣੀ ਗੁਰਬਾਣੀ ਹੈ,** ਨਾ ਕਿ ਭੱਟਾਂ ਦੀ ਉਚਾਰਨ ਕੀਤੀ ਹੋਈ ਭੱਟ-ਬਿਉਂਤ ਬਾਣੀ।

ਬਪੁੜੇ ਭੱਟ ਤਾਂ ਨਿਰੀਆਂ ਕਾਠ ਦੀਆਂ ਪੁਤਲੀਆਂ ਹੀ ਸਨ। ਜੰਤ ਬਜਾਵਨਹਾਰੇ ਜੰਤ੍ਰੀ ਗੁਰੂ ਸਮਰੱਥ ਆਪ ਸਨ। ਜੰਤਰ ਕਲਾ ਗੁਰੂ ਕੀ ਸ੍ਵੈ-ਕਉਤਕੀ ਨਿਜ ਵਰਤਾਈ ਹੋਈ ਕਲਾ ਸੀ। ਭੱਟਾਂ ਦੀ ਸੁਰਤੀ ਬਿਰਤੀ ਨੂੰ ਬ੍ਰਹਮਾਕਾਰ ਕਰਿ, ਸਤਿਗੁਰੂ ਸਮਰੱਥਾਵਾਨ ਨੇ ਹੁਕਮ ਅਕਾਲ, ਕਲਾ-ਕਉਤਕੀ-ਚਲਿਤ ਇਹ ਵਰਤਾਇਆ ਕਿ ਭੱਟਾਂ ਦੇ ਮੁਖ ਦੁਆਰਾ ਸੁਧਾਸਰੀ ਬਾਣੀ ਦਾ ਅੰਮ੍ਰਿਤ ਫੁਹਾਰਾ ਚਲਵਾਇਆ। **ਇਸ ਬਿਧਿ ਭੱਟਾਂ ਦੀ ਬਾਣੀ ਗੁਰਬਾਣੀ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਅਵਤਰੀ।**

ਸਤਿਗੁਰੂ ਨੇ ਸਤਿਨਾਮ ਦਾ ਚਕਰ ਫਿਰਾਇਆ ਹੈ ਅਤੇ ਗੁਰੂ ਰੂਪ ਸਮੱਗਰ ਬਾਣੀ ਨੇ ਭੀ ਸਤਿਨਾਮ ਹੀ ਦ੍ਰਿੜ੍ਹਾਇਆ ਹੈ। ਗੁਰਬਾਣੀ ਤੋਂ ਭਿੰਨ ਇਤਰ (ਹੋਰ) ਬਾਣੀਆਂ, ਅਰਥਾਤ **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਅਵਤਰੀ ਗੁਰੂ ਬਾਣੀ ਰੂਪ ਭਗਤ ਬਾਣੀ** ਤੋਂ ਭਿੰਨ ਭਗਤਾਂ ਰਚਿਤ ਆਨ (ਹੋਰ) ਬਾਣੀਆਂ ਨੇ ਸਤਿਨਾਮ ਨਹੀ ਦ੍ਰਿੜ੍ਹਾਇਆ, ਕ੍ਰਿਤਮ ਨਾਮਾਂ ਨੂੰ ਉਪਦੇਸ਼ਿਆ ਹੈ। ਅਤੇ ਸਤਿਗੁਰ-ਦੀਖਿਆ-ਰਹਿਤ ਭਗਤ ਜਨਾਂ ਨੇ ਸਤਿਨਾਮ ਦਾ ਚਕਰ ਨਹੀਂ ਫਿਰਾਇਆ, ਕ੍ਰਿਤਮ ਨਾਮਾਂ ਦਾ ਰਟਨ ਕਰਾਇਆ ਹੈ।

ਹੁਣ ਰਹੀ ਗੱਲ ਇਹ ਕਿ ਕਿਰਤਮ ਨਾਮ ਸਤਿਨਾਮ ਤੁਲ ਕਲਿਆਣ-ਕਾਰੀ ਹਨ ਯਾ ਨਹੀਂ ? ਇਹ ਇਕ ਵਖਰਾ ਚੈਪਟਰ (ਅਧਿਆਇ) ਹੈ।* ਪ੍ਰੰਤੂ ਇਥੇ ਇਤਨਾ ਲਿਖ ਦੇਣਾ ਪਰਮ ਜ਼ਰੂਰੀ ਹੈ ਕਿ ਮੁਕਤ-ਮਾਰਗ ਲਈ, ਅਪ੍ਰੋਖਸ਼ ਗਿਆਨ ਲਈ ਕਰਮ ਕਾਂਡ ਤੇ ਨਾਨਾ ਪ੍ਰਕਾਰ ਦੀਆਂ ਫਿਲਾਸਫੀਆਂ ਨਾਲੋਂ ਕ੍ਰਿਤਮ ਨਾਮ ਦਾ ਅਭਿਆਸ ਭੀ ਲਖ ਦਰਜੇ ਗੁਣਕਾਰੀ ਹੈ ਚਾਹੇ ਸਤਿਨਾਮ ਦੀ ਕਲਿਆਣ-ਕਲਾ ਦੇ ਤੁਲ ਨਹੀਂ। ਪ੍ਰੰਤੂ ਭਗਤੀ-ਮਾਰਗ ਦਾ ਮਰਕਜ਼ੀ ਨੀਸਾਣ ਹੋਣ ਕਰਿ ਕ੍ਰਿਤਮ ਨਾਮ ਭਗਤਿ-ਕਲਾ ਉਪਜਾਇਕ ਅਤੇ ਭਗਤਿ ਉਪਾਸ਼ਕ ਦੇ ਨਿਕਟ ਲੈ ਜਾਣ ਨੂੰ ਆਨ ਕਰਮਾਂ ਧਰਮਾਂ ਨਾਲੋਂ ਕਈ ਗੁਣਾ ਅਧਿਕ ਸਹਾਈ ਹੈ।

['ਗੁਰਮਤਿ ਲੇਖ' ਪੁਸਤਕ ਵਿਚੋਂ

*ਵੇਖੋ "ਗੁਰਮਤਿ ਨਾਮ ਤੇ ਕਿਰਤਮ ਨਾਮ" "ਨਾਮ ਤੇ ਨਾਮ ਦਾ ਦਾਤਾ ਸਤਿਗੁਰੂ" ਪੁਸਤਕ ਵਿਚੋਂ

www.AKJ.Org

# ਜਿਨ੍ਹਾਂ ਨੂੰ ਜੰਡਾਂ ਨਾਲ ਬੰਨ੍ਹ ਕੇ ਸਾੜਿਆ ਗਿਆ

[ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ, 162-ਹਾਊਸਿੰਗ ਬੋਰਡ ਕਲੋਨੀ, ਗੇਟ ਭਗਤਾਂ ਵਾਲਾ, ਅੰਮ੍ਰਿਤਸਰ]

ਸ਼ਹਾਦਤ ਅਤਿਆਚਾਰ ਵਿਰੁੱਧ ਸਤਿਆਚਾਰ ਦਾ ਨਾਂ ਹੈ। ਇਸ ਸਤਿਆਚਾਰ ਵਿੱਚ ਨਿਰਭੈਤਾ ਵੀ ਹੈ ਤੇ ਨਿਰਵੈਰਤਾ ਵੀ। ਇਸੇ ਲਈ ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖ ਦਾ ਚਿੱਤਰ ਨਿਰਭਉ ਤੇ ਨਿਰਵੈਰ ਵਾਲਾ ਚਿਤਰਿਆ ਹੈ, ਤਾਂਕਿ ਸ਼ਹਾਦਤ ਦਾ ਚਾਹਵਾਨ ਅਕਾਲ ਪੁਰਖ ਨੂੰ ਸਾਮਰਤਖ ਜਾਣ ਕੇ ਨਿਰਭਉ ਤੇ ਨਿਰਵੈਰ ਹੋ ਸਕੇ।

ਜਦੋਂ ਵਿਅਕਤੀ ਆਪਣੇ ਆਪ ਨੂੰ ਅਕਾਲ ਪੁਰਖ ਦੀ ਅੰਸ਼ ਮੰਨ ਲੈਂਦਾ ਹੈ ਤਾਂ ਉਸ ਵਿੱਚ ਅਥਾਹ ਸ਼ਕਤੀ ਦਾ ਨਿਰਮਾਣ ਹੋ ਜਾਂਦਾ ਹੈ, ਜੋ ਉਸ ਨੂੰ ਨਿਰਭੈ ਯੋਧਾ ਬਣਾ ਦੇਂਦੀ ਹੈ। ਇਸ ਨਿਰਭੈਤਾ ਵਿਚ ਜਦੋਂ ਨਿਰਵੈਰਤਾ ਸ਼ਾਮਲ ਹੋ ਜਾਵੇ ਤਾਂ ਉਹ ਸਹੀ ਅਰਥਾਂ ਵਿਚ ਸ਼ਹੀਦੀ ਪ੍ਰਾਪਤ ਕਰਨ ਦੇ ਯੋਗ ਹੋ ਜਾਂਦਾ ਹੈ। ਫੇਰ ਉਹ ਹੱਸ ਹੱਸ ਸਿਰ ਤਲੀ ਤੇ ਰੱਖ ਕੇ ਆਪਣੇ ਇਸ਼ਟ ਦੀ ਗਲੀ ਵਿੱਚ ਜਾਣ ਦਾ ਚਾਹਵਾਨ ਹੁੰਦਾ ਹੈ, ਕਿਉਂਕਿ ਇਸ ਮਾਰਗ ਤੇ ਚਲਣ ਨਾਲ ਜੋ ਅਨੁਭਵ ਪੈਦਾ ਹੁੰਦਾ ਹੈ ਉਸ ਦੀ ਪੂਰਤੀ ਲਈ ਸਿਰ ਦੇਣ ਲਗਿਆਂ ਕਾਣ ਕਰਨ ਦੀ ਗੁੰਜਾਇਸ਼ ਨਹੀਂ ਰਹਿੰਦੀ। ਫੇਰ ਸਿਰ ਤੇ ਰਖਿਆ ਆਰਾ ਪਿਆਰਾ ਲੱਗਣ ਲੱਗ ਪੈਂਦਾ ਹੈ ਤੇ ਸਰੀਰ ਦੋ ਭਾਗਾਂ ਵਿਚ ਚੀਰੇ ਜਾਣ ਤੇ ਵੀ 'ਸੀ' ਨਹੀਂ ਨਿਕਲਦੀ, ਸਗੋਂ "ਵਾਹਿਗੁਰੂ" ਨਿਕਲਦਾ ਹੈ।

ਭਾਰਤੀ ਇਤਿਹਾਸ ਵਿਚ ਇੱਕਾ-ਦੁੱਕਾ ਗਾਥਾਵਾਂ ਨੂੰ ਛੱਡ ਕੇ ਪਹਿਲੀ ਵਾਰ ਸਿੱਖ ਲਹਿਰ ਨੇ ਹੀ ਸ਼ਹੀਦੀਆਂ ਦੀ ਪਰੰਪਰਾ ਤੋਰੀ। ਸਿੱਖ ਲਹਿਰ ਨੇ ਮੱਧ-ਕਾਲੀਨ ਵੰਗਾਰ ਦਾ ਟਾਕਰਾ ਕਰਨ ਲਈ "ਸੰਪੂਰਨ ਇਨਕਲਾਬ" ਦਾ ਰਸਤਾ ਚੁਣਿਆ। ਰਾਜਪੂਤਾਂ ਤੇ ਮਰਹੱਟਿਆਂ ਦਾ ਮਨੋਰਥ ਕੇਵਲ ਖੇਤਰੀ-ਰਾਜਨੀਤਕ ਸੱਤਾ ਪ੍ਰਾਪਤ ਕਰਨਾ ਹੀ ਸੀ, ਪਰ ਇਕ ਵਿਦਵਾਨ ਦੇ ਕਥਨ ਅਨੁਸਾਰ "ਸਿੱਖ ਲਹਿਰ ਵਿਚ ਰਾਜ ਤੇ ਧਰਮ ਦੇ ਵਿਆਪਕ ਬੀਜ਼ ਮੌਜੂਦ ਹਨ।" ਸਿੱਖ ਲਹਿਰ ਭਾਰਤੀ ਪਰੰਪਰਾ ਦੀ ਉਦਾਸੀਨ ਰੁਚੀ ਦਾ ਖੰਡਨ ਕਰਦੀ ਹੈ ਤੇ ਸਮੇਂ ਦੀ ਵੰਗਾਰ ਦਾ ਆਸ਼ਾਵਾਦੀ ਢੰਗ ਨਾਲ ਟਾਕਰਾ ਕਰਨ ਦੀ ਸਮਰੱਥਾ ਰਖਦੀ ਹੈ।

ਸਿੱਖ ਵਿਚਾਰਧਾਰਾ ਅਨੁਸਾਰ ਹਰ ਵਿਅਕਤੀ ਦਾ ਇਹ ਵਿਸ਼ੇਸ਼ ਹੱਕ ਹੈ ਕਿ ਉਹ ਮਜ਼ਹਬੀ ਨਿਸਚੇ ਅਨੁਸਾਰ ਆਪਣੇ ਧਾਰਮਿਕ ਸਥਾਨਾਂ ਦੀ ਰਾਖੀ ਤੇ ਸੇਵਾ-ਸੰਭਾਲ ਕਰੇ। ਉਸ ਦੀ ਇਸ ਮੁੱਢਲੀ ਆਜ਼ਾਦੀ ਨੂੰ ਕਿਸੇ ਵੀ ਹਾਲਤ ਵਿਚ ਕਿਸੇ ਸ਼ਕਤੀ ਜਾਂ ਵਿਅਕਤੀ ਵਲੋਂ ਲਾਲਚ ਜਾਂ ਕਿਸੇ ਹੋਰ ਢੰਗ ਨਾਲ ਖੋਹਣ ਦਾ ਕੋਈ ਅਧਿਕਾਰ ਨਹੀਂ। ਗੁਰੂ ਸਾਹਿਬਾਨ ਜਾਂ ਉਨ੍ਹਾਂ ਦੇ ਨਾਮ-ਲੇਵਾ ਸਿੱਖਾਂ ਦੀਆਂ ਸ਼ਹਾਦਤਾਂ ਇਸੇ ਮੁੱਢਲੀ ਆਜ਼ਾਦੀ ਨੂੰ ਸੁਰੱਖਿਅਤ ਰੱਖਣ ਲਈ ਚੁੱਕੇ ਗਏ ਇਨਕਲਾਬੀ ਕਦਮਾਂ ਦੀ ਹੀ ਕੜੀ ਸੀ। ਇਹੋ ਹੀ ਕਾਰਨ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਦੇ ਤਿਲਕ ਤੇ ਜੰਞੂ ਵਿਚ ਵਿਸ਼ਵਾਸ ਨਾ ਰੱਖਣ ਦੇ ਬਾਵਜੂਦ, ਉਨ੍ਹਾਂ ਨੇ ਕਸ਼ਮੀਰ ਦੇ ਬ੍ਰਾਹਮਣਾਂ ਦੀ ਆਪਣੇ ਧਰਮ-ਅਕੀਦੇ ਅਨੁਸਾਰ ਇਨ੍ਹਾਂ ਚਿੰਨ੍ਹਾਂ ਦੇ ਪ੍ਰਯੋਗ ਕਰਨ ਦੇ ਮੁਢਲੇ ਹੱਕ ਤੋਂ ਉਨ੍ਹਾਂ ਨੂੰ ਵੰਚਿਤ ਕਰਨ ਦੇ ਸੰਦਰਭ ਵਿੱਚ, ਉਨ੍ਹਾਂ ਨੇ ਸਵੈ-ਇਛਿਆ ਨਾਲ ਸ਼ਹੀਦੀ ਦਿੱਤੀ। ਇਸੇ ਤਰ੍ਹਾਂ ਪਹਿਲੋਂ ਤਾਨਾ-ਸ਼ਾਹੀ ਸਾਮਰਾਜ ਵਲੋਂ ਮੰਨਵਾਈਆਂ ਜਾਣ ਵਾਲੀਆਂ ਸ਼ਰਤਾਂ ਦੇ ਵਿਰੁੱਧ ਖੜਾ ਹੋ ਜਾਣ ਕਰਕੇ ਗੁਰੂ ਅਰਜਨ ਸਾਹਿਬ ਨੇ ਸ਼ਹੀਦੀ ਦੇ ਕੇ ਜਿਥੇ ਸ਼ਹਾਦਤ ਦਾ ਰਾਹ ਖੋਲ੍ਹ ਦਿੱਤਾ ਸੀ ਉਥੇ ਆਪਣੇ ਸਿੱਖਾਂ ਨੂੰ ਪ੍ਰੇਰਨਾ ਵੀ ਪ੍ਰਦਾਨ ਕਰ ਦਿੱਤੀ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮਿਸ਼ਨ ਨੂੰ ਪ੍ਰਗਟਾਉਂਦੇ ਹੋਏ ਬੜੇ ਸਪੱਸ਼ਟ ਸ਼ਬਦਾਂ ਵਿਚ ਜਿਥੇ ਕਿਹਾ ਹੈ 'ਧਰਮ ਚਲਾਵਨ ਸੰਤ ਉਬਾਰਨ" ਉਥੇ ਇਹ ਵੀ ਦਸਿਆ ਹੈ ਕਿ ਇਸ ਕਾਰਜ ਲਈ ਲੋੜ ਪੈਣ ਤੇ "ਦੁਸ਼ਟ ਦੋਖੀਅਨ ਪਕਰਿ ਪਛਾਰਨ" ਦੀ ਨੀਤੀ ਵੀ ਅਪਣਾਈ ਜਾਏਗੀ। ਇਸੇ ਲਈ ਸਿੱਖ "ਧਰਮ ਯੁੱਧ" ਵਿੱਚ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਰਹਿੰਦੇ ਹਨ। ਉਹ ਕੁਰਬਾਨੀ ਨਨਕਾਣਾ ਸਾਹਿਬ ਦੇ ਸਾਕੇ ਦੇ ਸੰਬੰਧ ਵਿਚ


www.AKJ.Org

ਹੋਵੇ ਜਾਂ ਜੈਤੋ ਅਥਵਾ ਪੰਜਾਬੀ ਸੂਬੇ ਦੇ ਮੋਰਚੇ ਦੇ ਸੰਦਰਭ ਵਿੱਚ, ਜਾਂ ਆਪਣੀ ਹੋਂਦ ਕਾਇਮ ਰੱਖਣ ਦੇਸੰਬੰਧ ਵਿਚ।

ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰ-ਖੇਤਰ ਵਿੱਚ ਆਉਣ ਤੋਂ ਪਹਿਲਾਂ ਹੋਰਨਾਂ ਇਤਿਹਾਸਕ ਗੁਰਦੁਆਰਿਆਂ ਵਾਂਗ ਨਨਕਾਣਾ ਸਾਹਿਬ ਉਤੇ ਵੀ ਵੈਲੀ ਤੇ ਸ਼ਰਾਬੀ ਮਹੰਤਾਂ ਦਾ ਕਬਜ਼ਾ ਸੀ। ਮਹੰਤ ਲੱਖਾਂ ਰੁਪਿਆਂ ਦੇ ਤੋਹਫੇ ਅੰਗਰੇਜ਼ ਸਰਕਾਰ ਨੂੰ ਦੇ ਕੇ ਖੁਸ਼ ਰੱਖਦੇ ਤੇ ਧਰਮ-ਸਥਾਨਾਂ ਉਤੇ ਕਬਜ਼ਾ ਕਾਇਮ ਰੱਖਣ ਲਈ ਗੁੰਡੇ ਤੇ ਬਦਮਾਸ਼ ਪਾਲ ਕੇ ਆਪਣੇ ਕੋਲ ਰੱਖਦੇ। ਉਹ ਕਿਹੜਾ ਭੈੜ ਸੀ ਜੋ ਇਹ ਮਹੰਤ ਨਹੀਂ ਸਨ ਕਰਦੇ, ਜਾਂ ਇਨ੍ਹਾਂ ਦੀ ਸ਼ਹਿ ਤੇ ਨਹੀਂ ਸੀ ਹੁੰਦਾ। ੧੯੧੭ ਵਿੱਚ ਮਹੰਤ ਨਰੈਣ ਦਾਸ ਨੇ ਗੁਰਦੁਆਰੇ ਦੀ ਹੱਦ ਅੰਦਰ ਵੇਸ਼ਵਾਵਾਂ ਦੇ ਨਾਚ ਕਰਾਏ ਤੇ ਅਸ਼ਲੀਲ ਗੀਤ ਸੁਣੇ ਅਤੇ ਸ਼ਰਾਬ ਦੇ ਦੌਰ ਚਲਾਏ। ਇਕ ਹੋਰ ਸਮੇਂ ਜਦੋਂ ਇਕ ਸਿੰਧੀ ਪਰਵਾਰ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਨੂੰ ਆਇਆ ਤਾਂ ਇਸਤ੍ਰੀਆਂ ਨਾਲ ਦੁਰ-ਵਿਵਹਾਰ ਕੀਤਾ ਗਿਆ। ਇਕ ਹੋਰ ਅਵਸਰ ਤੇ ਮੱਸਿਆ ਵਾਲੇ ਦਿਨ ਕੁਝ ਬੀਬੀਆਂ ਜੜ੍ਹਾਂਵਾਲੇ ਤੋਂ ਨਨਕਾਣਾ ਸਾਹਿਬ ਦਰਸ਼ਨਾਂ ਨੂੰ ਆਈਆਂ। ਸਰੋਵਰ ਵਿਚ ਇਸ਼ਨਾਨ ਕਰਦੀਆਂ ਬੀਬੀਆਂ ਨਾਲ ਮਹੰਤ ਦੇ ਗੁੰਡਿਆਂ ਨੇ ਮੰਦਾ ਸਲੂਕ ਕੀਤਾ। ਇਹ ਘਟਨਾਵਾਂ ਅਤਿ ਸ਼ਰਮਨਾਕ ਸਨ। ਇਹਨਾਂ ਸ਼ਰਮਨਾਕ ਘਟਨਾਵਾਂ ਨੇ ਆਮ ਸਿੱਖਾਂ ਵਿਚ ਤੇ ਖ਼ਾਸ ਕਰਕੇ ਨਨਕਾਣਾ ਸਾਹਿਬ ਦੇ ਲਾਗਲੇ ਲੋਕਾਂ ਦੇ ਦਿਲਾਂ ਵਿੱਚ ਬੜਾ ਰੋਸ ਉਤਪੰਨ ਕੀਤਾ। ਭਾਈ ਕਰਤਾਰ ਸਿੰਘ ਝੱਬਰ ਤੇ ਭਾਈ ਲਛਮਣ ਸਿੰਘ ਧਾਰੋਵਾਲੀ ਬੜੇ ਦੁਖੀ ਹੋਏ ਤੇ ਉਹ ਦੋਵੇਂ ਸ: ਤੇਜਾ ਸਿੰਘ ਸਮੁੰਦਰੀ, ਭਾਈ ਬੂਟਾ ਸਿੰਘ ਤੇ ਹੋਰ ਸਿਰਕੱਢ ਸਿੰਘਾਂ ਨਾਲ ਇਸ ਸੰਬੰਧੀ ਵਿਚਾਰ-ਵਟਾਂਦਰਾ ਕਰਨ ਆਏ ਅਤੇ ਦਸਿਆ ਕਿ ਉਹਨਾਂ ਦੀ ਇਤਲਾਹ ਅਨੁਸਾਰ ਮਹੰਤ ਨਰੈਣ ਦਾਸ ਐਸੀਆਂ ਵਿਉਂਤਾਂ ਬਣਾ ਰਿਹਾ ਹੈ ਜਿਨ੍ਹਾਂ ਅਧੀਨ ਉਹ ਮਾਰਚ ੧੯੨੧ ਵਿਚ ਆਪਣੇ ਪਾਲਤੂ ਬਦਮਾਸ਼ਾਂ ਪਾਸੋਂ ਸਭ ਸਿਰਕੱਢ ਆਗੂਆਂ ਨੂੰ ਕਤਲ ਕਰਵਾ ਦੇਵੇਗਾ। ਇਸ ਲਈ ਉਸ ਦੇ ਵਾਰ ਕਰਨ ਤੋਂ ਪਹਿਲਾਂ ਕੋਈ ਪਰਬੰਧ ਕਰ ਲੈਣੇ ਚਾਹੀਦੇ ਹਨ। ਉਹਨਾਂ ਇਹ ਵੀ ਸੁਝਾਅ ਦਿੱਤਾ ਕਿ ਕਈ ਹਜ਼ਾਰ ਸਿੱਖਾਂ ਦਾ ਜਥਾ ਅਚਾਨਕ ਮਹੰਤ ਉਤੇ ਟੁੱਟ ਪਵੇ ਤੇ ਗੁਰਦੁਆਰਾ ਜਨਮ-ਅਸਥਾਨ ਸਾਹਿਬ ਦਾ ਪਰਬੰਧ ਆਪਣੇ ਹੱਥਾਂ ਵਿੱਚ ਲੈ ਲਵੇ। ਭਾਈ ਕਰਤਾਰ ਸਿੰਘ ਝੱਬਰ ਤੇ ਭਾਈ ਲਛਮਣ ਸਿੰਘ ਧਾਰੋਵਾਲੀ ਉਹ ਵਿਅਕਤੀ ਸਨ ਜੋ ਪੈਰਾਂ ਤੋਂ ਸਿਰ ਤਕ ਪੰਥਕ-ਜਜ਼ਬੇ ਨਾਲ ਭਰਪੂਰ ਸਨ। ਉਹਨਾਂ ਦੀਆਂ ਖ਼ੁਫੀਆਂ ਸੂਹਾਂ ਅਨੁਸਾਰ ਉਹਨਾਂ ਨੂੰ ਇਹ ਵੀ ਪਤਾ ਲੱਗਾ ਕਿ ਮਹੰਤ ਆਪਣੇ ਨਿਸਚਿਤ ਪ੍ਰੋਗਰਾਮ ਨੂੰ ਸਫਲ ਬਨਾਉਣ ਲਈ ੧੯-੨੦ ਫਰਵਰੀ ੧੯੨੧ ਨੂੰ ਲਾਹੌਰ ਜਾ ਰਿਹਾ ਹੈ, ਜਿਥੋਂ ਉਹ ਹੋਰ ਸਹਇਤਾ ਦਾ ਪਰਬੰਧ ਕਰੇਗਾ। ਉਹਨਾਂ ਆਗੂਆਂ ਦਾ ਵਿਚਾਰ ਸੀ ਕਿ ਸਾਨੂੰ ਮਹੰਤ ਦੀ ਗੈਰ-ਹਾਜ਼ਰੀ ਦਾ ਲਾਭ ਉਠਾ ਕੇ ਗੁਰਦੁਆਰਾ ਜਨਮ ਸਥਾਨ ਤੇ ਕਬਜ਼ਾ ਕਰ ਲੈਣਾ ਚਾਹੀਦਾ ਹੈ। ਭਾਈ ਲਛਮਣ ਸਿੰਘ ਜੀ ਧਾਰੋਵਾਲੀ ਦੇ ਉਦਮ ਸਦਕਾ ਮਹੰਤ ਦੀਆਂ ਕਾਲੀਆਂ ਕਰਤੂਤਾਂ ਉਤੇ ਵਿਚਾਰ ਕਰਨ ਲਈ ਅਕਤੂਬਰ ੧੯੨੦ ਵਿਚ ਇਕ ਵਿਸ਼ੇਸ਼ ਦੀਵਾਨ ਧਾਰੋਵਾਲੀ ਵਿਚ ਕੀਤਾ ਗਿਆ, ਜਿਸ ਵਿਚ ਮਤਾ ਪਾਸ ਕੀਤਾ ਗਿਆ ਕਿ ਮਹੰਤ ਵਲੋਂ ਕੀਤੀਆਂ ਜਾ ਰਹੀਆਂ ਕੁਰੀਤੀਆਂ ਅਤਿ ਸ਼ਰਮਨਾਕ ਤੇ ਪੰਥਕ ਹਿੱਤਾਂ ਦੇ ਵਿਪਰੀਤ ਹਨ। ਇਸ ਲਈ ਮਹੰਤ ਨੂੰ ਆਪਣੀ ਜਾਤ ਤੇ ਗੁਰਦੁਆਰੇ ਦੇ ਪਰਬੰਧ ਵਿਚ ਸੁਧਾਰ ਕਰਨ ਲਈ ਕਿਹਾ ਜਾਵੇ।

ਬਜਾਏ ਇਸ ਦੇ ਕਿ ਮਹੰਤ ਆਪਣੀਆਂ ਕਾਲੀਆਂ ਕਰਤੂਤਾਂ ਤੋਂ ਬਾਜ਼ ਆਉਂਦਾ, ਉਸ ਨੇ ਸਿੱਖਾਂ ਦਾ ਟਾਕਰਾ ਕਰਨ ਲਈ ਬਦਮਾਸ਼ਾਂ, ਗੁੰਡਿਆਂ ਤੇ ਹੋਰ ਸਮਾਜ-ਵਿਰੋਧੀ ਲੋਕਾਂ ਨੂੰ ਸ਼ਰਾਬ ਤੇ ਪੈਸਿਆਂ ਦਾ ਲਾਲਚ ਦੇ ਕੇ ਆਪਣੇ ਕੋਲ ਨੌਕਰ ਰੱਖ ਲਿਆ। ਖਾਸ ਕਰਕੇ ਇਸਮਾਇਲ ਭੱਟੀ ਵਰਗੇ ਗੁੰਡੇ ਨੂੰ ਆਪਣਾ ਮਿੱਤਰ ਬਣਾ ਲਿਆ। ਇਨ੍ਹਾਂ ਲੋਕਾਂ ਲਈ ਛਵ੍ਹੀਆਂ, ਕੁਹਾੜੀਆਂ ਤੇ ਟਕੂਏ ਆਦਿ ਹਥਿਆਰ ਤਿਆਰ ਕਰਾਉਣ ਲਈ ਗੁਰਦੁਆਰਾ ਜਨਮ-ਸਥਾਨ ਦੇ ਅੰਦਰ ਹੀ ਭੱਠੀਆਂ ਚਾਲੂ ਕਰ ਦਿੱਤੀਆਂ ਗਈਆਂ ਤੇ ਮਹੰਤ ਨੇ ਲਾਹੌਰ ਤੋਂ ਪਸਤੌਲ ਤੇ ਕਾਰਤੂਸ ਅਤੇ ਬੰਦੂਕਾਂ ਵੀ ਖ਼ਰੀਦ ਲਈਆਂ। ਇਸ ਤੋਂ ਛੁੱਟ ਸਾੜ-ਫੂਕ ਕਰਨ ਲਈ ਮਿੱਟੀ ਦੇ ਤੇਲ ਦੇ ਪੀਪੇ ਵੀ ਮੰਗਵਾ ਲਏ ਗਏ।


www.AKJ.Org

ਇਨ੍ਹਾਂ ਸਾਰੀਆਂ ਤਿਆਰੀਆਂ ਤੋਂ ਸਪੱਸ਼ਟ ਸੀ ਕਿ ਮਹੰਤ ਕੋਈ ਵਿਸ਼ੇਸ਼ ਘਟਨਾ ਕਰਨ ਲਈ ਤਿਆਰ ਹੋ ਰਿਹਾ ਸੀ। ਇਨ੍ਹਾਂ ਤਿਆਰੀਆਂ ਤੋਂ ਅਕਾਲੀ ਲੀਡਰ ਅਵੇਸਲੇ ਤਾਂ ਨਹੀਂ ਸਨ, ਪਰ ਉਹ ਸ਼ਾਂਤ-ਮਈ ਰਹਿ ਕੇ ਇਸ ਸਮੱਸਿਆ ਦਾ ਹੱਲ ਕਰਨਾ ਚਾਹੁੰਦੇ ਸਨ। ਗੁਰੂ ਨਾਨਕ ਪਾਤਸ਼ਾਹ ਦੇ ਜਨਮ-ਸਥਾਨ ਵਿੱਚ ਉਹ ਲਹੂ ਦੀ ਹੋਲੀ ਖੇਡ ਕੇ ਗੁਰ-ਸਥਾਨ ਦੀ ਬੇਅਦਬੀ ਨਹੀਂ ਸਨ ਕਰਨਾ ਚਾਹੁੰਦੇ। ਸੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ੨੪ ਜਨਵਰੀ ੧੯੨੧ ਨੂੰ ਇਕ ਵਿਸ਼ੇਸ਼ ਮੀਟਿੰਗ ਕਰ ਕੇ ਗੁਰਦੁਆਰਾ ਸਾਹਿਬ ਦੀ ਵਿਗੜ ਰਹੀ ਹਾਲਤ ਤੇ ਵਿਚਾਰ ਕੀਤੀ ਅਤੇ ਮਤਾ ਪਾਸ ਕੀਤਾ ਕਿ ੪-੫-੬ ਮਾਰਚ ੧੯੨੧ ਨੂੰ ਨਨਕਾਣਾ ਸਾਹਿਬ ਵਿਖੇ ਸਿੱਖ-ਸੰਗਤਾਂ ਦਾ ਇੱਕ ਇਕੱਠ ਸਦਿਆ ਜਾਵੇ, ਜਿਸ ਵਿਚ ਮਹੰਤ ਨੂੰ ਸੱਦ ਕੇ ਆਪਣੇ ਆਪ ਦਾ ਸੁਧਾਰ ਕਰਨ ਤੇ ਪੰਥ ਦੇ ਅਧੀਨ ਹੋ ਕੇ ਚਲਣ ਲਈ ਕਿਹਾ ਜਾਵੇ।

੬ ਫ਼ਰਵਰੀ ੧੯੨੧ ਨੂੰ ਇਸ ਵਿਸ਼ੇਸ਼ ਇਕੱਠ ਸਮੇਂ ਦੀਵਾਨ ਤੇ ਲੰਗਰ ਦਾ ਪਰਬੰਧ ਕਰਨ ਲਈ ਪੰਜ ਸਿੰਘਾਂ (ਭਾਈ ਲਛਮਣ ਸਿੰਘ ਧਾਰੋਵਾਲੀ, ਭਾਈ ਦਲੀਪ ਸਿੰਘ ਸਾਂਗਲਾ, ਭਾਈ ਤੇਜਾ ਸਿੰਘ ਸਮੁੰਦਰੀ, ਭਾਈ ਕਰਤਾਰ ਸਿੰਘ ਝੱਬਰ ਤੇ ਭਾਈ ਬਖਸ਼ੀਸ਼ ਸਿੰਘ) ਉਤੇ ਆਧਾਰਤ ਇਕ ਕਮੇਟੀ ਬਣਾ ਦਿੱਤੀ ਗਈ। ਇਹ ਸਾਰੇ ਵਿਅਕਤੀ ਜ਼ਿਲਾ ਸ਼ੇਖੂਪੁਰਾ, ਗੁਜਰਾਂਵਾਲਾ ਤੇ ਲਾਇਲਪੁਰ ਦੇ ਹੋਣ ਕਰਕੇ ਸੀ ਨਨਕਾਣਾ ਸਾਹਿਬ ਦੇ ਸਥਾਨਕ ਹਾਲਾਤ ਤੋਂ ਭਲੀ ਪ੍ਰਕਾਰ ਜਾਣੂ ਸਨ। ਭਾਈ ਲਛਮਣ ਸਿੰਘ ਤੇ ਭਾਈ ਦਲੀਪ ਸਿੰਘ ਮਹੰਤ ਦੇ ਖ਼ਾਸ ਵਾਕਿਫ਼ਕਾਰਾਂ ਵਿਚੋਂ ਸਨ। ਸ਼੍ਰੋਮਣੀ ਕਮੇਟੀ ਵਲੋਂ ਦੀਵਾਨ ਦੀਆਂ ਤਾਰੀਖ਼ਾਂ ਨੀਯਤ ਹੋ ਜਾਣ ਪਿਛੋਂ ਮਹੰਤ ਵੀ ਟਾਕਰੇ ਲਈ ਤਿਆਰ ਹੋ ਗਿਆ। ਉਹ ਕਿਸੇ ਵੀ ਮੁਲ ਤੇ ਗੁਰਦੁਆਰਾ ਜਨਮ-ਅਸਥਾਨ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰਨ ਲਈ ਤਿਆਰ ਨਹੀਂ ਸੀ। ਉਸ ਨੇ ੨੪ ਪਠਾਣ ਵੀ ਨੌਕਰ ਰੱਖ ਲਏ ਤੇ ਏਧਰੋਂ ਉਧਰੋਂ ਹੋਰ ਬਦਮਾਸ਼ ਵੀ ਇਕੱਠੇ ਕਰ ਕੇ ਸਿੰਘਾਂ ਦੇ ਕਤਲਾਮ ਦਾ ਪੱਕਾ ਮਨਸੂਬਾ ਤਿਆਰ ਕਰ ਲਿਆ। ਮਹੰਤ ਸਾਜ਼ਿਸ਼ਾਂ ਕਰਨ ਵਿਚ ਬੜਾ ਮਾਹਿਰ ਸੀ। ਇਕ ਪਾਸੇ ਟਾਕਰੇ ਦੀਆਂ ਤਿਆਰੀਆਂ ਕਰ ਰਿਹਾ ਸੀ ਤੇ ਦੂਜੇ ਪਾਸੇ ਕਹੀ ਜਾ ਰਿਹਾ ਸੀ ਮੈਂ ਸ਼ਰੋਮਣੀ ਕਮੇਟੀ ਦੀਆਂ ਸਾਰੀਆਂ ਸ਼ਰਤਾਂ ਮੰਨ ਲਵਾਂਗਾ ਤੇ ਪੰਥ ਦੇ ਅਧੀਨ ਹੋ ਕੇ ਰਹਾਂਗਾ।

ਭਾਈ ਕਰਤਾਰ ਸਿੰਘ ਝੱਬਰ ਨੂੰ ਸਾਰੀਆਂ ਖ਼ਬਰਾਂ ਮਿਲ ਰਹੀਆਂ ਸਨ। ਉਸ ਨੇ ਮੁਨਾਸਬ ਸਮਝਿਆ ਕਿ ਇਸ ਬਾਰੇ ਭਾਈ ਲਛਮਣ ਸਿੰਘ ਜੀ ਧਾਰੋਵਾਲ, ਜੋ ਬੜੇ ਸਹਜ-ਸੁਭਾਅ ਵਾਲੇ ਸਿਦਕੀ ਤੇ ਸਿਰੜੀ ਸਿੰਘ ਸਨ ਤੇ ਇਲਾਕੇ ਵਿੱਚ ਉਨ੍ਹਾਂ ਦਾ ਬੜਾ ਆਦਰ-ਸਤਿਕਾਰ ਸੀ, ਨੂੰ ਮਿਲ ਕੇ ਇਸ ਬਾਰੇ ਸਲਾਹ-ਮਸ਼ਵਰਾ ਕਰ ਲਿਆ ਜਾਵੇ।

ਇਸ ਸੰਬੰਧ ਵਿੱਚ ੧੭ ਫ਼ਰਵਰੀ ੧੯੨੧ ਨੂੰ ਗੁਰਦੁਆਰਾ "ਖਰਾ ਸੌਦਾ" ਵਿੱਚ ਇੱਕ ਮੀਟਿੰਗ ਹੋਈ, ਜਿਸ ਵਿਚ ਭਾਈ ਕਰਤਾਰ ਸਿੰਘ ਝੱਬਰ, ਭਾਈ ਲਛਮਣ ਸਿੰਘ ਧਾਰੋਵਾਲ ਤੇ ਭਾਈ ਬੂਟਾ ਸਿੰਘ ਲਾਇਲਪੁਰ ਵਾਲੇ ਇਕੱਠੇ ਹੋਏ। ਵਿਚਾਰ-ਵਟਾਂਦਰੇ ਪਿਛੋਂ ਫੈਸਲਾ ਲਿਆ ਗਿਆ ਕਿ ਭਾਈ ਬੂਟਾ ਸਿੰਘ ਆਪਣਾ ਜਥਾ ਲੈ ਕੇ ੧੯ ਫਰਵਰੀ ਸਵੇਰ ਨੂੰ ਨਨਕਾਣਾ ਸਾਹਿਬ ਪਹੁੰਚ ਜਾਣ। ਭਾਈ ਲਛਮਣ ਸਿੰਘ ਆਪਣੇ ਜਥੇ ਸਮੇਤ ਰਾਤ ਚੰਦਰ ਕੋਟ ਆ ਜਾਣ, ਜਿਥੇ ਭਾਈ ਕਰਤਾਰ ਸਿੰਘ ਝੱਬਰ ਆਪਣੇ ਜਥੇ ਸਮੇਤ ਉਨ੍ਹਾਂ ਨੂੰ ਮਿਲ ਪਵੇਗਾ ਤੇ ਸਾਰੇ ਰੱਲ ਕੇ ਨਨਕਾਣੇ ਸਾਹਿਬ ਵੱਲ ਮਾਰਚ ਕਰਨਗੇ।

ਜਦੋਂ ਇਸ ਫੈਸਲੇ ਦਾ ਪਤਾ ਸ: ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ ਆਦਿ ਮੁਖੀ ਆਗੂਆਂ ਨੂੰ ਲੱਗਾ ਤਾਂ ਉਹ ੧੯ ਫਰਵਰੀ ਸਵੇਰੇ "ਅਕਾਲੀ" ਅਖਬਾਰ ਦੇ ਦਫਤਰ ਲਾਹੌਰ ਪੁੱਜ ਗਏ। ਸ: ਸਰਦੂਲ ਸਿੰਘ ਕਵੀਸ਼ਰ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਸ: ਜਸਵੰਤ ਸਿੰਘ ਝਬਾਲ ਅਤੇ ਭਾਈ ਦਲੀਪ ਸਿੰਘ ਸਾਂਗਲਾ ਵੀ ਉਥੇ ਆ ਗਏ। ਉਥੇ ਫ਼ੈਸਲਾ ਲਿਆ ਗਿਆ ਕਿ ਡਸਿਪਲਨ ਦਾ ਤਕਾਜ਼ਾ ਇਹ ਮੰਗ ਕਰਦਾ ਹੈ ਕਿ ਪਹਿਲਾਂ ਲਏ ਹੋਏ ਫੈਸਲੇ ਵਿੱਚ ਕੋਈ ਅਦਲਾ-ਬਦਲੀ ਨਾ ਕੀਤੀ ਜਾਵੇ। ਇਸ ਫ਼ੈਸਲੇ ਦੀ ਇਤਲਾਹ ਦੇਣ ਲਈ ਭਾਈ ਦਲੀਪ ਸਿੰਘ ਦੀ ਜ਼ਿੰਮੇਵਾਰੀ ਲਗਾਈ ਗਈ ਕਿ ਉਹ ਭਾਈ ਲਛਮਣ ਸਿੰਘ ਧਾਰੋਵਾਲੀ ਨੂੰ ਸਮੇਂ ਸਿਰ ਚੰਦਰ ਕੋਟ ਪਹੁੰਚ ਕੇ ਸੂਚਿਤ ਕਰ ਦੇਣ। ਦੋ ਸੱਜਣ ਭਾਈ ਕਰਤਾਰ ਸਿੰਘ ਝੱਬਰ ਕੋਲ ਵੀ ਭੇਜੇ ਗਏ। ਪਰ ੧੯ ਫਰਵਰੀ ਨੂੰ ਭਾਈ ਲਛਮਣ

www.AKJ.Org

ਸਿੰਘ ਧਾਰੋਵਾਲੀ ਮਿਥੇ ਪ੍ਰੋਗਰਾਮ ਅਨੁਸਾਰ ਨਨਕਾਣੇ ਸਾਹਿਬ ਨੂੰ ਚਲ ਪਏ। ਉਹ ਪਿੰਡ ਨਜ਼ਾਮਪੁਰ, ਦੇਵੀ ਸਿੰਘ ਵਾਲਾ, ਮੂਲਾ ਸਿੰਘ ਵਾਲਾ, ਚੇਲਿਆਂ ਵਾਲਾ, ਡੱਲਾ ਚੰਦਾ ਸਿੰਘ ਵਾਲਾ ਤੋਂ ਕੋਟਲਾ ਕਾਹਲਵਾਂ ਅਤੇ ਧਾਮੀਆਂ ਹੁੰਦਾ ਹੋਇਆ ਮੋਟੀਆਣੇ ਪੁੱਜਾ। ਧਨੂੰਆਣੇ ਤੋਂ ਜਥੇਦਾਰ ਸੁੰਦਰ ਸਿੰਘ ਹੁੰਦਲ ਆਪਣੇ ਨਾਲ ੧੩ ਸਿੰਘਾਂ ਦਾ ਜਥਾ ਲੈ ਕੇ ਭਾਈ ਲਛਮਣ ਸਿੰਘ ਦੇ ਜਥੇ ਨੂੰ ਮੋਟੀਆਣੇ ਆ ਮਿਲਿਆ।

ਭਾਈ ਲਛਮਣ ਸਿੰਘ ਦੇ ਨਾਲ ੧੯ ਅਕਾਲੀ ਦੇਵੀ ਸਿੰਘ ਵਾਲਾ ਤੋਂ, ੧੩ ਧੰਨੂਵਾਲ ਤੋਂ, ੮ ਚੇਲਿਆਂ-ਵਾਲਾ ਤੋਂ, ੬ ਠੱਠੀਆਂ ਤੋਂ ਤੇ ੫ ਮੂਲਾ ਸਿੰਘ ਵਾਲਾ ਤੋਂ ਰਲ ਗਏ। ਇਸ ਤਰ੍ਹਾਂ ਰਸਤੇ ਵਿਚੋਂ ਕੁਝ ਹੋਰ ਸਿੰਘ ਆਪ ਦੇ ਜਥੇ ਨਾਲ ਰਲਦੇ ਗਏ ਤੇ ਜਥੇ ਦੀ ਗਿਣਤੀ ੧੫੦ ਤੱਕ ਜਾ ਪੁੱਜੀ। ਮੋਟੀਆਣੇ ਤੋਂ ਭਾਈ ਲਛਮਣ ਸਿੰਘ ਨੇ ਭਾਈ ਧੀਰ ਸਿੰਘ ਤੇ ਇਕ ਹੋਰ ਸਿੰਘ ਨੂੰ ਚੰਦਰ ਕੋਟ ਦੀ ਝਾਲ ਤੇ ਭਾਈ ਕਰਤਾਰ ਸਿੰਘ ਝੱਬਰ ਦੇ ਜਥੇ ਨੂੰ ਵੇਖਣ ਲਈ ਭੇਜਿਆ, ਪਰ ਉਥੇ ਭਾਈ ਕਰਤਾਰ ਸਿੰਘ ਝੱਬਰ ਦਾ ਜਥਾ ਉਹਨਾਂ ਨੂੰ ਨਾ ਮਿਲਿਆ। ਤਦ ਉਹ ਸਿੰਘ ਰਾਤੀ ਦੇਰ ਨਾਲ ਨਨਕਾਣੇ ਸਾਹਿਬ ਪੁੱਜੇ ਤੇ ਧੰਨੂਆਣੇ ਦੇ ਇਕ ਦੁਕਾਨਦਾਰ ਕੋਲ ਰਾਤ ਕੱਟੀ। ਉਧਰ ਭਾਈ ਕਰਤਾਰ ਸਿੰਘ ਝੱਬਰ ਨੇ ਚੂਹੜਕਾਣੇ ਤੋਂ ਭਾਈ ਦਲੀਪ ਸਿੰਘ ਨੂੰ ਘੋੜੇ ਉਤੇ ਭੇਜਿਆ ਤਾਂ ਕਿ ਉਹ ਭਾਈ ਲਛਮਣ ਸਿੰਘ ਦੇ ਜਥੇ ਨੂੰ ਰੋਕ ਲਵੇ ਤੇ ਸ਼੍ਰੋਮਣੀ ਕਮੇਟੀ ਦਾ ਹੁਕਮ ਦਸੇ ਕਿ ਜਥਾ ਨਨਕਾਣਾ ਸਾਹਿਬ ਨਾ ਜਾਵੇ। ਪਰ ੧੯-੨੦ ਫ਼ਰਵਰੀ ਦੀ ਰਾਤ ਨੂੰ ਭਾਈ ਦਲੀਪ ਸਿੰਘ ਦਾ ਮੇਲ ਭਾਈ ਲਛਮਣ ਸਿੰਘ ਦੇ ਜਥੇ ਨਾਲ ਨਾ ਹੋ ਸਕਿਆ। ਆਖ਼ਰ ਉਹ ਨਨਕਾਣੇ ਸਾਹਿਬ ਸ: ਉਤਮ ਸਿੰਘ ਦੇ ਕਪਾਹ ਦੇ ਕਾਰਖ਼ਾਨੇ ਆ ਕੇ ਸੌਂ ਗਿਆ। ਅਗਲੇ ਦਿਨ ਭਾਈ ਦਲੀਪ ਸਿੰਘ ਨੇ ਚਿੱਠੀ ਦੇ ਕੇ ਭਾਈ ਵਰਿਆਮ ਸਿੰਘ ਨੂੰ ਭੇਜਿਆ, ਤਾਂਕਿ ਉਹ ਭਾਈ ਲਛਮਣ ਸਿੰਘ ਦੇ ਜਥੇ ਨੂੰ ਰੋਕ ਲਵੇ। ਭਾਈ ਦਲੀਪ ਸਿੰਘ ਨੂੰ ਜਥਾ ਸ੍ਰੀ ਨਨਕਾਣਾ ਸਾਹਿਬ ਦੇ ਬਹੁਤ ਨੇੜੇ ਆ ਮਿਲਿਆ। ਚਿੱਠੀ ਪੜ੍ਹਨ ਤੇ ਭਾਈ ਲਛਮਣ ਸਿੰਘ ਨੇ ਕਿਹਾ, "ਅਸੀਂ ਅਰਦਾਸਾ ਸੋਧ ਚੁਕੇ ਹਾਂ, ਹੁਣ ਅਸੀਂ ਕਿਸੇ ਕੀਮਤ ਤੇ ਵੀ ਨਹੀਂ ਰੁਕਾਂਗੇ, ਨਾ ਵਾਪਸ ਮੁੜਾਂਗੇ। ਅਸੀਂ ਤਾਂ ਹੁਣ ਜਨਮ-ਸਥਾਨ ਦੇ ਦਰਸ਼ਨ-ਦੀਦਾਰੇ ਕਰਾਂਗੇ ਜਾਂ ਸ਼ਹੀਦੀਆਂ ਪਾਵਾਂਗੇ।" ਇਹ ਉਤਰ ਸੁਣ ਕੇ ਭਾਈ ਵਰਿਆਮ ਸਿੰਘ ਭਾਈ ਦਲੀਪ ਸਿੰਘ ਪਾਸ ਵਾਪਸ ਮੁੜ ਆਇਆ।

੨੧ ਫ਼ਰਵਰੀ ਸਵੇਰੇ ਪੰਜ ਕੁ ਵਜੇ ਭਾਈ ਲਛਮਣ ਸਿੰਘ ਦੇ ਜਥੇ ਨੂੰ ਸੁਨੇਹਾ ਮਿਲਿਆ, ਜਿਸ ਵਿਚ ਉਨ੍ਹਾਂ ਨੂੰ ਨਨਕਾਣੇ ਸਾਹਿਬ ਤੋਂ ਚਲੇ ਜਾਣ ਲਈ ਕਿਹਾ ਗਿਆ ਸੀ। ਪਰ ਭਾਈ ਲਛਮਣ ਸਿੰਘ ਦੀ ਅਗਵਾਈ ਵਿਚ ਜਥੇ ਦੇ ਸਿੰਘ "ਸਿਰ ਜਾਏ ਤਾਂ ਜਾਏ ਮੇਰਾ ਸਿੱਖੀ-ਸਿਦਕ ਨਾ ਜਾਏ" ਪੜ੍ਹਦਿਆਂ ਮੱਥਾ ਟੇਕਣ ਲਈ ਗੁਰਦੁਆਰਾ ਜਨਮ-ਅਸਥਾਨ ਵੱਲ ਵੱਧਦੇ ਗਏ। ਲਗ ਪਗ ਛੇ ਵਜੇ ਸਵੇਰੇ ਉਹ "ਗੁਰੂ ਦੇ ਦੁਆਰ" ਤੇ ਹਾਜ਼ਰ ਹੋ ਗਏ।

ਅੱਗੇ ਮਹੰਤ ਦੇ ਗੁੰਡੇ ਤੇ ਬਦਮਾਸ਼ ਮਾਰੂ ਹਥਿਆਰਾਂ ਨਾਲ ਉਹਨਾਂ ਦੇ ਸਵਾਗਤ ਨੂੰ ਤਿਆਰ ਸਨ। ਜਥਾ ਦਰਸ਼ਨੀ ਡਿਉਢੀ ਤੋਂ ਅੰਦਰ ਲੰਘ ਕੇ ਜਨਮ-ਅਸਥਾਨ ਮੱਥਾ ਟੇਕਣ ਲਈ ਗਿਆ। ਭਾਈ ਲਛਮਣ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਗਏ ਤੇ ਬਾਕੀ ਸਿੰਘ ਜੋਦੜੀ ਦੇ ਸ਼ਬਦ ਪੜ੍ਹਨ ਲੱਗੇ। ਅਚਾਨਕ ਇਕ-ਦਮ ਉਹਨਾਂ ਤੇ ਹਮਲਾ ਹੋ ਗਿਆ। ਕਿਸੇ ਪਾਸਿਓਂ ਗੋਲੀਆਂ ਵਰ੍ਹ ਰਹੀਆਂ ਸਨ, ਕਿਸੇ ਪਾਸਿਓਂ ਇੱਟਾਂ-ਵੱਟਿਆਂ ਦਾ ਮੀਂਹ ਵਰ੍ਹ ਰਿਹਾ ਸੀ। ਦਰਵਾਜ਼ੇ ਬੰਦ ਕਰ ਕੇ ਮੋਰਚਾ-ਬੰਦੀ ਕੀਤੀ ਹੋਈ ਸੀ। ਬਾਹਰ ਨਿਕਲਣ ਦਾ ਕੋਈ ਰਸਤਾ ਨਹੀਂ ਸੀ। ਕੁਝ ਸਿੰਘ ਤਾਂ ਗੋਲੀਆਂ ਨਾਲ ਭੁੰਨ ਦਿਤੇ ਗਏ, ਬਾਕੀ ਛਵ੍ਹੀਆਂ, ਗੰਡਾਸਿਆਂ, ਲਾਠੀਆਂ ਤੇ ਟਕੂਆਂ ਨਾਲ ਸ਼ਹੀਦ ਕਰ ਦਿਤੇ ਗਏ। ਮਹੰਤ ਨਸ਼ੇ ਵਿਚ ਧੁੱਤ ਘੋੜੇ ਤੇ ਚੜ੍ਹਿਆ ਉੱਚੀ ਉੱਚੀ ਆਖ ਰਿਹਾ ਸੀ, "ਕੋਈ ਵੀ ਜੀਉਂਦਾ ਨਾ ਬਚੇ, ਸਾਰਿਆਂ ਨੂੰ ਮਾਰ ਦਿਓ।"

ਭਾਈ ਦਲੀਪ ਸਿੰਘ ਤੇ ਭਾਈ ਵਰਿਆਮ ਸਿੰਘ ਗੋਲੀਆਂ ਦੀ ਆਵਾਜ਼ ਸੁਣ ਕੇ ਜਦੋਂ ਵਾਹੋ-ਦਾਹੀ ਭਜੇ ਆਏ ਤਾਂ ਅਗੋਂ ਉਹਨਾਂ ਦਾ ਸਵਾਗਤ ਵੀ ਪਹਿਲਿਆਂ ਵਰਗਾ ਹੀ ਹੋਇਆ। ਭਾਈ ਦਲੀਪ ਸਿੰਘ ਨੇ ਕੜਕ ਕੇ ਮਹੰਤ ਨੂੰ ਇਹ ਕਤਲਾਮ ਬੰਦ ਕਰਨ ਲਈ ਕਿਹਾ ਤਾਂ ਮਹੰਤ ਦੀ ਪਿਸਤੌਲ 'ਚੋਂ ਨਿਕਲੀ ਗੋਲੀ ਨੇ ਭਾਈ ਦਲੀਪ

www.AKJ.Org

ਸਿੰਘ ਨੂੰ ਸਦਾ ਲਈ ਬੋਲਣ ਤੋਂ ਬੰਦ ਕਰਾ ਦਿੱਤਾ। ਦੋ ਹੋਰ ਬਦਮਾਸ਼ਾਂ ਨੇ ਭਾਈ ਵਰਿਆਮ ਦੇ ਟੁਕੜੇ ਕਰ ਦਿਤੇ।

ਜਦੋਂ ਅੰਨ੍ਹੇ ਵਾਹ ਗੋਲੀਆਂ ਚਲਾਈਆਂ ਜਾ ਰਹੀਆਂ ਸਨ ਤਾਂ ਕੁਝ ਗੋਲੀਆਂ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਨੂੰ ਵੀ ਲੱਗੀਆਂ। ਪਿਛੋਂ ਜਦੋਂ ਭਾਈ ਹੀਰਾ ਸਿੰਘ ਜੀ ਰਾਗੀ ਨੇ ਪਾਵਨ-ਬੀੜ ਵਿਚ ਲੱਗੀਆਂ ਗੋਲੀਆਂ ਕੱਢੀਆਂ ਤਾਂ ਉਹ ਸੱਤ ਸਨ।

ਮਹੰਤ ਦੇ ਹੁਕਮ ਨਾਲ ਭਾਈ ਲਛਮਣ ਸਿੰਘ ਜੀ ਧਾਰੋਵਾਲ ਨੂੰ ਜੰਡ ਨਾਲ ਪੁੱਠਾ ਬੰਨ੍ਹ ਕੇ ਮਿੱਟੀ ਦਾ ਤੇਲ ਪਾ ਕੇ ਅੱਗ ਲਗਾ ਦਿੱਤੀ ਗਈ। ਹੌਲਦਾਰ ਪ੍ਰੀਤਮ ਸਿੰਘ ਹੁੰਦਲ ਦੇ ਕਹਿਣ ਅਨੁਸਾਰ ਅੱਗ ਲਗਾਉਣ ਤੋਂ ਪਹਿਲਾਂ ਮਹੰਤ ਦੇ ਹੁਕਮ ਨਾਲ ਭਾਈ ਲਛਮਣ ਸਿੰਘ ਜੀ ਦਾ ਸਿਰ ਕੱਟ ਕੇ ਮਹੰਤ ਦੇ ਹੱਥਾਂ ਵਿਚ ਦਿੱਤਾ ਗਿਆ। ਮਹੰਤ ਨੇ ਸਿਰ ਕੇਸਾਂ ਤੋਂ ਫੜਿਆ ਤੇ ਉਸ ਨੂੰ ਜ਼ਮੀਨ ਉਤੇ ਰੋਲਿਆ। ਇਸ ਤਰ੍ਹਾਂ ਨਾਲ ਅਰਦਾਸਾ ਸੋਧ ਕੇ ਧਰਮ ਹੇਤ ਸ਼ਹੀਦ ਹੋਣ ਵਾਲੇ ਸਿੰਘਾਂ ਵਿਚੋਂ ਭਾਈ ਲਛਮਣ ਸਿੰਘ ਜੀ ਸ਼੍ਰੋਮਣੀ ਸ਼ਹੀਦਾਂ ਦੀ ਲੰਮੀ ਕਤਾਰ ਵਿਚ ਆ ਖਲੋਂਦੇ ਹਨ।

ਸਰਕਾਰੀ ਰਿਪੋਰਟ ਅਨੁਸਾਰ "... ਇਸ ਵੱਢ-ਟੁੱਕ ਦੀ ਕਾਰਵਾਈ ਤੋਂ ਪਿਛੋਂ, ਸਾਰੇ ਮਾਰੇ ਗਏ ਸਿੱਖਾਂ ਨੂੰ ਇਕੱਠਾ ਕੀਤਾ ਗਿਆ ਤੇ ਲੋਥਾਂ ਦੇ ਢੇਰ ਉਤੇ ਮਿੱਟੀ ਦਾ ਤੇਲ ਪਾਇਆ ਗਿਆ ਅਤੇ ਉਨ੍ਹਾਂ ਨੂੰ ਲਾਂਬੂ ਲਾ ਦਿਤੇ ਗਏ।"

ਸਰਕਾਰੀ ਤੌਰ ਤੇ ਜਦੋਂ ਪੜਤਾਲ ਦਾ ਕੰਮ ਸ਼ੁਰੂ ਕਰਨ ਲਈ ਗੁਰਦੁਆਰੇ ਦੇ ਦਰਵਾਜ਼ੇ ਖੋਲ੍ਹੇ ਗਏ ਤਾਂ ਦ੍ਰਿਸ਼ ਬੜਾ ਭਿਆਨਕ ਤੇ ਸ਼ੋਕਮਈ ਸੀ। ਥਾਂ ਥਾਂ ਉਤੇ ਲਹੂ ਦੇ ਨਿਸ਼ਾਨ ਸਨ। ਸਿੰਘਾਂ ਦੇ ਕੰਘੇ ਤੇ ਕੇਸ ਖਿਲਰੇ ਪਏ ਸਨ। ਪੰਜ ਢੇਰ ਲਾਸ਼ਾਂ ਦੇ ਅੱਡ ਅੱਡ ਥਾਵਾਂ ਤੇ ਪਏ ਸਨ ਤੇ ਚਾਰ ਲੋਥਾਂ ਅਜੇ ਉਸੇ ਤਰ੍ਹਾਂ ਹੀ ਪਈਆਂ ਸਨ। ਲੋਥਾਂ ਨੂੰ ਹਿਲਾਏ-ਜੁਲਾਏ ਬਗੈਰ ਪਪ ਖੋਪਰੀਆਂ ਗਿਣੀਆਂ ਗਈਆਂ।

ਇਸ ਖ਼ੂਨੀ ਸਾਕੇ ਦਾ ਪ੍ਰਤੀਕਰਮ ਇਹ ਹੋਇਆ ਕਿ ਸਿੱਖਾਂ ਅੰਦਰ ਜਾਗ੍ਰਤੀ ਪੈਦਾ ਹੋ ਗਈ ਤੇ ਉਨ੍ਹਾਂ ਨੇ ਬਦ-ਚਲਨ ਮਹੰਤਾਂ ਦੇ ਕਬਜ਼ਿਆਂ ਚੋਂ ਗੁਰਧਾਮਾਂ ਨੂੰ ਆਜ਼ਾਦ ਕਰਾਉਣ ਦਾ ਦ੍ਰਿੜ੍ਹ ਨਿਸ਼ਚਾ ਕਰ ਲਿਆ। ਸ਼ਹੀਦੀਆਂ ਦੇ ਮਹਾਨ-ਯੱਗ ਵਿਚ ਭਾਈ ਲਛਮਣ ਸਿੰਘ ਜੀ ਧਾਰੋਵਾਲ ਦਾ ਯੋਗਦਾਨ ਨਿਸ਼ਚੇ ਹੀ ਬੜਾ ਮਹੱਤਵ-ਪੂਰਨ ਹੈ।

---

# ਗ੍ਰੰਥੀ ਕੌਣ ਹੈ ?

[ਭਾਈ ਕਰਤਾਰ ਸਿੰਘ ਗਰੀਬ, ਲੁਧਿਆਣਾ]

ਸਿੱਖ ਧਰਮ ਵਿਚ ਗ੍ਰੰਥੀ ਸਿੰਘ ਦਾ ਖ਼ਾਸ ਅਸਥਾਨ ਹੈ। ਹਰ ਦੁੱਖ-ਸੁੱਖ ਦੇ ਸਮੇਂ ਸੰਗਤਾਂ ਗ੍ਰੰਥੀ ਸਿੰਘ ਦ ਸਤਿਕਾਰ ਕਰਦੀਆਂ ਹਨ, ਹਰ ਪ੍ਰਕਾਰ ਨਾਲ ਸੇਵਾ ਕਰਦੀਆਂ ਹਨ। ਜਿਵੇਂ ਕਿ ਮਾਇਆ, ਬਸਤਰ, ਰਾਸ਼ਨ, ਸਵਾਰੀ ਭਾਵ ਮੋਟਰ ਜਾਂ ਸਕੂਟਰ ਦੀ ਸੇਵਾ ਕਰ ਕੇ ਸਿੱਖ ਸੰਗਤਾਂ ਪ੍ਰਸੰਨ ਹੁੰਦੀਆਂ ਹਨ ਅਤੇ ਸੰਗਤਾਂ ਗ੍ਰੰਥੀ ਸਿੰਘ ਦੀ ਇਹ ਸੇਵਾ ਗੁਰੂ ਗ੍ਰੰਥ ਸਾਹਿਬ ਜੀ ਦੇ ਵਜ਼ੀਰ ਹੋਣ ਦੇ ਨਾਤੇ ਕਰਦੀਆਂ ਹਨ। ਪਰ ਗ੍ਰੰਥੀ ਸਿੰਘ ਨੂੰ ਆਪਣੇ ਜੀਵਨ-ਪੱਧਰ ਵੱਲ ਝਾਤ ਮਾਰਨ ਦੀ ਲੋੜ ਹੈ ਅਤੇ ਇਸ ਵਲ ਖ਼ਾਸ ਧਿਆਨ ਦੇਣ ਦੀ ਲੋੜ ਹੈ। ਹੇਠ ਲਿਖਿਆਂ ਕੁਝ ਕੁ ਨੁਕਤਿਆਂ ਨੂੰ ਜ਼ਰੂਰ ਸੋਚਣਾ ਚਾਹੀਦਾ ਹੈ :

ਅੰਮ੍ਰਿਤਧਾਰੀ ਹੋਵੇ। ਪੰਜ ਕਕਾਰ ਹਰ ਸਮੇਂ ਅੰਗ-ਸੰਗ ਰੱਖੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਮੇਸ਼ਾ ਹਾਜ਼ਰ-ਨਾਜ਼ਰ ਜਾਣ ਕੇ ਸੇਵਾ ਕਰੇ ਅਤੇ ਹਮੇਸ਼ਾ ਮਨ ਵਿਚ ਭਉ ਰੱਖੇ! ਪਰ-ਨਾਰੀ ਨੂੰ ਧੀ, ਭੈਣ ਅਤੇ ਮਾਤਾ ਸਮਾਨ ਜਾਣੇ। ਕਿਸੇ ਪ੍ਰਕਾਰ ਦੇ ਨਸ਼ੇ ਦੀ ਵਰਤੋਂ ਨਾ ਕਰੇ। ਇਲਾਕੇ ਦੇ ਬੱਚਿਆਂ ਨੂੰ ਲਗਨ ਅਤੇ ਮਿਹਨਤ ਨਾਲ ਗੁਰਮੁਖੀ (ਪੰਜਾਬੀ) ਪੜ੍ਹਾਵੇ। ਜਿਥੇ ਵੀ ਜਾਵੇ, ਸਿੱਖ ਧਰਮ ਦੀ ਮਹਾਨਤਾ ਬਾਰੇ ਆਮ ਸੰਗਤਾਂ ਨੂੰ ਦੱਸੇ ਅਤੇ ਸਮਝਾਵੇ। ਆਪਣਾ ਆਚਰਣ (ਕਰੈਕਟਰ) ਉਚਾ ਰੱਖੇ। ਕਦੇ ਵੀ ਫਿੱਕੇ ਬੋਲ ਨਾ ਬੋਲੇ ਅਤੇ ਕਿਸ ਨੂੰ ਟਿੱਚਰ-ਮਖ਼ੌਲ ਨਾ ਕਰੇ, ਤਾਂਕਿ ਦੂਸਰੇ ਧਰਮਾਂ ਤੇ ਇਹਨਾਂ ਭੱਦੇ ਲਫ਼ਜ਼ਾਂ ਦਾ ਗਲਤ ਅਸਰ ਨਾ ਪਵੇ। ਆਪਣੇ ਪਰਿਵਾਰ ਦੇ ਮੈਂਬਰਾਂ, ਰਿਸ਼ਤੇਦਾਰਾਂ ਜਾਂ ਦੋਸਤਾਂ-ਮਿੱਤਰਾਂ ਨਾਲ ਕਿਸੇ ਵੀ ਕਿਸਮ ਦਾ ਝਗੜਾ ਨਾ ਕਰੇ।

www.AKJ.Org

# ਸ੍ਰੀ ਨਨਕਾਣਾ ਸਾਹਿਬ ਦੀ ਮੇਰੀ ਯਾਤਰਾ

[ਪ੍ਰਿੰ: ਗੁਰਮੁਖ ਸਿੰਘ ਜੀ, ਸਿੱਖ ਰੈਫਰੈਂਸ ਲਾਇਬਰੇਰੀ, ਅੰਮ੍ਰਿਤਸਰ]

ਮੇਰੀ ਸ੍ਰੀ ਨਨਕਾਣਾ ਸਾਹਿਬ ਅਤੇ ਪਾਕਿਸਤਾਨ ਵਿਚਲੇ ਹੋਰ ਗੁਰਦੁਆਰਿਆਂ ਦੀ ਯਾਤਰਾ ਕਰਨ ਦੀ ਕਈ ਚਿਰਾਂ ਦੀ ਖ਼ਾਹਿਸ਼ ਸੀ। ਪਰ ਸਤਿਗੁਰਾਂ ਨੇ ਆਪਣੇ ਸੇਵਕ ਦੀ ਇਹ ਖਾਹਿਸ਼ ੧੯੯੨ ਦੇ ਕਤਕ ਪੂਰਨਮਾਸ਼ੀ ਦੇ ਪ੍ਰਕਾਸ਼ ਪੁਰਬ ਸਮੇਂ ਪੂਰੀ ਕੀਤੀ। ਮੈਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ੫ ਨਵੰਬਰ ੧੯੯੨ ਨੂੰ ਜਥੇ ਨਾਲ ਗਿਆ। ਸ੍ਰੀ ਪੰਜਾ ਸਾਹਿਬ ਦੇ ਦਰਸ਼ਨ ਦੀਦਾਰ ਕੀਤੇ। ਵਲੀ ਕੰਧਾਰੀ ਦਾ ਰੂਹਾਨੀ ਜਗਤ ਵਿੱਚ ਜੋ ਅਸਥਾਨ ਹੈ ਉਹ ਸਹਿਜੇ ਹੀ ਸਾਹਮਣੇ ਆਇਆ। ਜਿਸ ਤਰ੍ਹਾਂ ਸਰੀਰ ਦਾ ਵਿਕਾਸ ਹੁੰਦਾ ਹੈ ਇਸੇ ਤਰ੍ਹਾਂ ਸੰਸਾਰੀ ਮਨ ਦਾ ਅਤੇ ਰੂਹਾਨੀ ਮਨ ਦਾ ਵੀ ਵਿਕਾਸ ਹੁੰਦਾ ਹੈ। ਮੁਸਲਮਾਨ ਜਿਸ ਵਲੀ ਕੰਧਾਰੀ ਨੂੰ ਪੀਰ ਕਰਕੇ ਮੰਨਦੇ ਸਨ, ਬੜੀਆਂ ਰਿਧੀਆਂ ਸਿਧੀਆਂ ਦਾ ਮਾਲਕ ਸੀ। ਉਸ ਇਕ ਪਹਾੜੀ ਉਤੇ ਪਾਣੀ ਦੇ ਇਕ ਤਾਲਾਬ ਦੇ ਪਾਸ ਡੇਰਾ ਬਣਾਇਆ ਹੋਇਆ ਸੀ। ਆਲੇ ਦੁਆਲੇ ਕਿਤੇ ਪਾਣੀ ਦਾ ਨਾਮ ਨਿਸ਼ਾਨ ਨਹੀਂ ਸੀ। ਉਹ ਇਸੇ ਵਿਚ ਹੀ ਮਸਤ ਤੇ ਆਫਰਿਆ ਹੋਇਆ ਸੀ ਅਤੇ ਸਮਝਦਾ ਸੀ ਕਿ ਉਹ ਮਾਰਫ਼ਤ (ਰੂਹਾਨੀਅਤ) ਦੀ ਸਿਖਰ ਨੂੰ ਛੋਹ ਬੈਠਾ ਹੈ।

ਇਕ ਦਿਨ "ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ"* ਇਸ ਵਲੀ ਜੀ ਦੇ ਲਾਗੇ ਆ ਪਧਾਰੇ। ਨਿਰੰਕਾਰੀ ਬਾਬੇ ਨੇ ਵਲੀ ਕੰਧਾਰੀ ਦੇ ਹਉਮੈ ਦੇ ਕੁਫ਼ਰ-ਗੜ੍ਹ ਨੂੰ ਤੋੜਨ ਲਈ ਇਕ ਕੌਤਕ ਰਚਿਆ। ਇਥੇ ਪੁਜਣ ਤਕ ਮਰਦਾਨੇ ਨੂੰ ਪਿਆਸ ਨੇ ਬਿਹਬਲ ਕਰ ਦਿਤਾ। ਬਾਬੇ ਨਾਨਕ ਨੇ ਮਰਦਾਨੇ ਨੂੰ ਵਲੀ ਕੰਧਾਰੀ ਪਾਸ ਪਾਣੀ ਪੀਣ ਲਈ ਪਹਾੜੀ ਤੇ ਭੇਜਿਆ। ਰੱਬੀ ਜੋਤਿ ਮਰਦਾਨਾ ਵਲੀ ਦੇ ਦੁਆਰੇ ਗਿਆ, ਪਾਣੀ ਦਾ ਘੁੱਟ ਮੰਗਿਆ। ਵਲੀ ਨੇ ਰੱਬੀ ਜੋਤਿ ਨੂੰ ਪਾਣੀ ਨਾ ਪਿਆਇਆ। ਉਹ ਮਾਰਫ਼ਤ ਦੀ ਨਹੀਂ, ਸ਼ਰੀਅਤ ਦੀ ਟੀਸੀ ਤੇ ਬੈਠਾ ਸੀ। ਭਾਈ ਮਰਦਾਨੇ ਨੂੰ ਵਲੀ ਨੇ ਪਾਣੀ ਇਸੇ ਕਰਕੇ ਨਹੀਂ ਪਿਲਾਇਆ ਕਿਉਂਕਿ ਮਰਦਾਨਾ ਗੁਰੂ ਨਾਨਕ ਕਾਫਰ ਦਾ ਚੇਲਾ ਸੀ? ਉਸਨੂੰ ਇਹ ਸਮਝ ਨਾ ਆਈ ਕਿ ਗੁਰੂ ਨਾਨਕ ਵਲੀ-ਅੱਲਾ ਜੋਤਿ ਸਰੂਪ ਹਰਿ ਆਪ ਹਨ। ਕਾਫ਼ਰ ਉਹ ਹੁੰਦਾ ਹੈ ਜੋ ਰੱਬ ਨੂੰ ਨਹੀਂ ਮੰਨਦਾ। ਵਲੀ ਇਸ ਕਰੜੇ ਇਮਤਿਹਾਨ ਵਿਚੋਂ ਫੇਲ੍ਹ ਹੋ ਗਿਆ।

ਪੰਜਾ ਸਾਹਿਬ ਦੋ ਦਿਨ ਠਹਿਰਨ ਤੋਂ ਬਾਅਦ ਜਥਾ ਨਨਕਾਣੇ ਸਾਹਿਬ ਆਇਆ। ਇਥੇ ਡਿਪਟੀ ਕਮਿਸ਼ਨਰ ਸ਼ੇਖੂਪੁਰਾ, ਜਿਸਦੇ ਇਲਾਕੇ ਵਿਚ ਸ੍ਰੀ ਨਨਕਾਣਾ ਸਾਹਿਬ ਇਕ ਤਹਿਸੀਲ ਹੈ, ਨੇ ਆਏ ਹੋਏ ਯਾਤਰੂਆਂ ਲਈ ਪਹਿਲੀ ਵਾਰ ਵਿਸ਼ੇਸ਼ ਪ੍ਰਬੰਧ ਕੀਤਾ ਹੋਇਆ ਸੀ। ਇਕ ਸੈਮੀਨਾਰ ਗੁਰੂ ਨਾਨਕ ਸਾਹਿਬ ਉਤੇ ਅਤੇ ਇਕ ਮੁਸ਼ਾਇਰਾ ਪਾਕਿਸਤਾਨੀ ਕਵੀਆਂ ਦਾ। ਫਿਰ ਅਗਲੇ ਦਿਨ ਰਾਗ ਰੰਗ ਦਾ ਪ੍ਰੋਗਰਾਮ ਸੀ। ਇਨ੍ਹਾਂ ਪ੍ਰੋਗਰਾਮਾਂ ਨੂੰ ਬਹੁਤ ਸਾਰੀਆਂ ਸਿੱਖ ਸੰਗਤਾਂ ਨੇ ਇਸ ਕਾਰਨ ਪਸੰਦ ਨਹੀਂ ਕੀਤਾ ਕਿ ਯਾਤਰਾ ਉਤੇ ਆਈਆਂ ਸਿੱਖ ਸੰਗਤਾਂ ਨੂੰ ਬਜਾਏ ਇਸ਼ਕ-ਏ-ਹਕੀਕੀ ਨਾਲ ਜੋੜਨ ਦੇ ਇਸ਼ਕ-ਏ-ਮਜ਼ਾਜੀ ਨਾਲ ਜੋੜਿਆ ਜਾ ਰਿਹਾ ਸੀ। ਇਸ ਗੱਲ ਬਾਰੇ ਡਿਪਟੀ ਕਮਿਸ਼ਨਰ ਸਾਹਿਬ ਨੂੰ ਵੱਖਰੇ ਤੋਰ ਤੇ ਦਾਸ ਨੇ ਬੇਨਤੀ ਕੀਤੀ। ਉਨ੍ਹਾਂ ਭਰੋਸਾ ਦਿਵਾਇਆ ਕਿ ਅਗੇ ਤੋਂ ਇਸ ਤਰ੍ਹਾਂ ਨਹੀਂ ਹੋਵੇਗਾ।

ਇਥੇ ਗੁਰਦੁਆਰਾ ਸੱਚਾ ਸੌਦਾ ਵੇਖਣ ਦੀ ਅਜੇ ਸੰਗਤਾਂ ਨੂੰ ਆਗਿਆ ਨਹੀਂ ਮਿਲੀ। ਪਰ ਨਗਰ ਵਿਚਲੇ ਹੋਰ ਛੇ ਸਤ ਗੁਰਦੁਆਰਿਆਂ ਦੇ ਦਰਸ਼ਨ ਕਰਨ ਦਾ ਅਵਸਰ ਮਿਲਿਆ, ਜੋ ਠੀਕ ਹਾਲਤ ਵਿਚ ਹਨ। ਪਰ ਦੋ ਗੁਰਦੁਆਰਿਆਂ ਨੂੰ ਛੱਡ ਕੇ ਬਾਕੀ ਸਾਰੇ ਗੁਰਦੁਆਰੇ ਗ਼ੈਰ ਆਬਾਦ ਪਏ ਹਨ। ਇਥੇ ਆ ਕੇ ਸਾਨੂੰ ਰਾਇ ਬੁਲਾਰ ਜੀ ਦਾ ਭੀ ਖਿਆਲ ਆਇਆ ਕਿ ਉਹ ਸਤਿਗੁਰੂ ਨਾਨਕ ਸਾਹਿਬ ਜੀ ਦੇ ਪਹਿਲੇ ਸਿੱਖ ਹਨ, ਜਿਨ੍ਹਾਂ ਨੇ ਆਪ ਜੀ ਵਿਚ ਪੈਗ਼ੰਬਰ ਹੋਣ ਦੀ ਪਹਿਚਾਣ ਕੀਤੀ। ਉਹ ਸ਼ਰ੍ਹਾ ਸ਼ਰੀਅਤ ਨੂੰ ਛੱਡ ਕੇ ਗੁਰੂ ਮਹਾਰਾਜ ਦਾ ਅਨਿੰਨ ਸ਼ਰਧਾਲੂ ਸਿੱਖ ਬਣਿਆ। ਲੋਕ-ਕਥਾ ਹੈ ਕਿ ਰਾਇ ਬੁਲਾਰ ਨੇ ਆਪਣੀ ਅੱਧੀ ਜਾਇਦਾਦ ਗੁਰੂ ਨਾਨਕ ਸਾਹਿਬ

*ਭਾਈ ਗੁਰਦਾਸ ਜੀ, ਵਾਰ ੧, ਪਉੜੀ ੩੫


www.AKJ.Org

ਜੀ ਦੇ ਨਾਂ ਉਤੇ ਲਗਵਾਈ, ਪਰ ਸਚਾਈ ਇਹ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਕਾਫ਼ੀ ਜ਼ਮੀਨ ਇਸਾਂ ਗੁਰਦੁਆਰੇ ਸਾਹਿਬ ਦੇ ਨਾਮ ਚੜ੍ਹਾਈ ਗਈ ਸੀ। ਪਾਕਿਸਤਾਨ ਬਣਨ ਤੋਂ ਪਿਛੋਂ ਹਿੰਦੂ ਤੇ ਸਿੱਖਾਂ ਦੀਆਂ ਜਾਇਦਾਦ ਉਥੋਂ ਦੀ ਸਰਕਾਰ ਨੇ ਜ਼ਬਤ ਕਰ ਕੇ ਲੋਕਾਂ ਵਿੱਚ ਵੰਡ ਦਿਤੀਆਂ, ਪਰ ਬਾਬੇ ਨਾਨਕ ਦੇ ਪਵਿੱਤਰ ਗੁਰਧਾਮਾਂ ਦੇ ਨਾਮ ਲਗੀਆਂ ਜ਼ਮੀਨਾਂ ਦੀ ਸਾਂਭ-ਸੰਭਾਲ ਵਕਫ਼ ਬੋਰਡ ਕਰ ਰਿਹਾ ਹੈ। ਸਮੂਹ ਸਿੱਖ ਕੌਮ ਨੇ ਰਾਇ ਬੁਲਾਰ ਜੀ ਨੂੰ ਅਜੇ ਤਕ ਇਕ ਗੁਰਸਿੱਖ ਵਜੋਂ ਨਹੀਂ ਪਹਿਚਾਨਿਆ ਤੇ ਨਾ ਹੀ ਉਸਨੂੰ ਕੋਈ ਮਾਨਤਾ ਦਿੱਤੀ ਹੈ। ਉਸਦੀ ਟੁੱਟੀ ਫੁੱਟੀ ਜਿਹੀ ਕਬਰ ਅਜੇ ਕਾਇਮ ਹੈ।

ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਸਾਹਿਬ ਤੇ ਹੋਏ ਸੈਮੀਨਾਰ ਤੇ ਬੋਲਦਿਆਂ ਦਾਸ ਨੇ ਕਿਹਾ ਸੀ ਕਿ ਪਾਕਿਸਤਾਨ ਵਿਚ ਛਪੀ ਪੁਸਤਕ "ਸਿੱਖ ਸ਼ਰਾਈਨ ਇਨ ਵੈਸਟ ਪਾਕਿਸਤਾਨ" ਵਿੱਚ ਐਫ.ਏ. ਖਾਨ ਡਾਇਰੈਕਟਰ ਆਰਕਾਈਵਜ਼ ਨੇ ਇਕ ਸਤਰ ਲਿਖੀ ਹੈ ਕਿ "ਗੁਰੂ ਨਾਨਕ ਸਾਹਿਬ ਘਰ ਤੋਂ ਸੱਚ ਦੀ ਭਾਲ ਵਿੱਚ ਨਿਕਲੇ ਸਨ"। ਇਸ ਨੂੰ ਠੀਕ ਕਰਨ ਲਈ ਬੇਨਤੀ ਕੀਤੀ ਕਿ "ਗੁਰੂ ਨਾਨਕ ਸਾਹਿਬ ਨੇ ਤਾਂ ਛੋਟੀ ਉਮਰ ਵਿਚ ਹੀ ਸੱਚ ਨੂੰ ਸਾਖਿਆਤ ਕਰ ਲਿਆ ਸੀ, ਹੁਣ ਤਾਂ ਉਹ ਕੇਵਲ ਸੱਚ ਨੂੰ ਵੰਡਣ ਲਈ ਜਾਂ ਸੱਚ ਦੇ ਮਾਰਗ ਤੇ ਚਲ ਰਹੇ ਪੀਰਾਂ, ਫਕੀਰਾਂ, ਸੰਤਾਂ, ਮਹੰਤਾਂ, ਸਿਧਾਂ, ਨਾਥਾਂ ਨੂੰ ਸੱਚ ਦੇ ਦਰਸ਼ਨ ਕਰਾਉਣ ਲਈ ਘਰ ਬਾਰ ਛਡ ਕੇ ਅਕਾਲ ਪੁਰਖ ਦੇ ਮਿਸ਼ਨ ਉਤੇ ਨਿਕਲੇ ਸਨ।" ਆਮ ਤੌਰ ਤੇ ਇਹੋ ਪ੍ਰਚਾਰ ਕੀਤਾ ਜਾਂਦਾ ਹੈ ਅਤੇ ਉਪਰੋਕਤ ਪੁਸਤਕ ਵਿਚ ਵੀ ਇਹ ਗੱਲ ਲਿਖੀ ਹੈ ਕਿ ਗੁਰੂ ਨਾਨਕ ਸਾਹਿਬ ਨੇ ਹਿੰਦੂ ਧਰਮ ਤੇ ਇਸਲਾਮ ਦੇ ਸਿਧਾਂਤ ਨੂੰ ਇਕੱਠਿਆਂ ਕਰ ਕੇ ਕੋਈ ਨਵਾਂ ਮੱਤ ਨਹੀਂ ਚਲਾਇਆ, ਬਲਕਿ ਦੋਹਾਂ ਮੱਤਾਂ ਦਾ ਸੁਮੇਲ ਪੇਸ਼ ਕੀਤਾ ਹੈ। ਇਹ ਕੇਵਲ ਗੁਰੂ ਨਾਨਕ ਸਾਹਿਬ ਜੀ ਦੀ ਪੈਗੰਬਰੀ ਹੋਂਦ ਨੂੰ ਛੁਟਿਆਉਣ ਵਾਲੀ ਗੱਲ ਹੈ। ਗੁਰੂ ਸਾਹਿਬ ਨੇ ਹਿੰਦੂ ਅਤੇ ਮੁਸਲਮਾਨਾਂ ਨੂੰ ਰੱਬੀ ਦਰਗਾਹ ਦੀਆਂ ਕਦਰਾਂ ਕੀਮਤਾਂ ਤੋਂ ਜਾਣੂ ਕਰਵਾਇਆ ਅਤੇ ਸਹੀ ਰਸਤੇ ਉਤੇ ਪਾਇਆ। ਹਿੰਦੂ ਮੁਸਲਮਾਨਾਂ ਦੇ ਧਰਮ-ਸਿਧਾਂਤਾਂ ਨੂੰ ਇਕ ਥਾਂ ਕਰ ਕੇ ਅਕਬਰ ਦਾ ਚਲਾਇਆ ਹੋਇਆ ਦੀਨੇ-ਅਲਾਹੀ ਦਾ ਅੱਜ ਕੋਈ ਖੁਰਾ ਖੋਜ ਨਹੀਂ ਮਿਲਦਾ, ਪਰ ਸਤਿਗੁਰੂ ਨਾਨਕ ਜੀ ਨੂੰ ਅੱਜ ਵੀ ਸਾਰਾ ਸੰਸਾਰ ਨਮਸਕਾਰਾਂ ਕਰਦਾ ਹੈ ਅਤੇ ਆਪ ਦੇ ਚਲਾਏ ਹੋਏ ਧਰਮ ਨੂੰ ਪੂਰਨ ਆਦਰ ਮਾਣ ਦਿੱਤਾ ਜਾਂਦਾ ਹੈ।

ਸ੍ਰੀ ਨਨਕਾਣਾ ਸਾਹਿਬ ਤੋਂ ਜਥਾ ਲਾਹੌਰ ਡੇਰਾ ਸਾਹਿਬ ਆਇਆ। ਇਹ ਅਸਥਾਨ ਗੁਰੂ ਅਰ ਜਨ ਦੇਵ ਸਾਹਿਬ ਦੀ ਸ਼ਹੀਦੀ ਦੀ ਯਾਦਗਾਰ ਵਿਚ ਉਸਾਰਿਆ ਗਿਆ ਹੈ। ਇਥੇ ਨਾਲ ਹੀ ਲਾਹੌਰ ਦਾ ਕਿਲ੍ਹਾ ਹੈ ਜੋ ਕਦੀ ਸ਼ਾਹ ਜਹਾਨ ਨੇ ਬਣਵਾਇਆ ਸੀ ਤੇ ਜਿਥੇ ਮਹਾਰਾਜਾ ਰਣਜੀਤ ਸਿੰਘ ਜੀ ਨੇ ੪੦ ਸਾਲ ਨਿਵਾਸ ਕੀਤਾ। ਅੱਜ ਕਲ੍ਹ ਇਥੇ ਮਿਯੂਜ਼ਿਅਮ ਬਣਿਆ ਹੋਇਆ ਹੈ, ਜਿਸ ਵਿਚ ਮੁਗਲਾਂ ਤੇ ਸਿੱਖਾਂ ਦੀਆਂ ਕਈ ਪ੍ਰਕਾਰ ਦੀਆਂ ਯਾਦਗਾਰਾਂ ਦਿਖਾਈਆਂ ਜਾਂਦੀਆਂ ਹਨ। ਗੁਰਦੁਆਰਾ ਡੇਰਾ ਸਾਹਿਬ ਦੇ ਸਾਹਮਣੇ ਹੀ ਬਹੁਤ ਵੱਡਾ ਮੈਦਾਨ ਹੈ, ਜਿਸ ਵਿਚ ਮੀਨਾਰੇ-ਪਾਕਿਸਤਾਨ ੩੨੦ ਫੁੱਟ ਉਚਾ ਨਜ਼ਰੀ ਪੈਂਦਾ ਹੈ ਤੇ ਇਥੇ ਹੀ ਪਾਕਿਸਤਾਨ ਦੀਆਂ ਸਿਆਸੀ ਪਾਰਟੀਆਂ ਤੇ ਜਲਸੇ ਜਲੂਸ ਹੁੰਦੇ ਹਨ।

ਲਾਹੌਰ ਸ਼ਹਿਰ ਦੇ ਅੰਦਰਲੇ ਗੁਰਦੁਆਰੇ, ਲੰਡਾ ਬਾਜ਼ਾਰ ਤੇ ਚੂਨਾ ਮੰਡੀ ਵੀ ਗਏ। ਚੂਨਾ ਮੰਡੀ ਦੇ ਗੁਰੂ ਰਾਮ ਦਾਸ ਪਾਤਸ਼ਾਹ ਦੇ ਜਨਮ-ਅਸਥਾਨ ਤੇ ਜਦੋਂ ਅਸੀਂ ਪਹੁੰਚੇ ਤਾਂ ਇਕ ਮੁਸਲਮਾਨ ਦੁਕਾਨਦਾਰ ਨੇ ਸੁਆਗਤ ਕਰਦਿਆਂ ਆਖਿਆ, "ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਾਹੁਣੇ ਆ ਗਏ ਹਨ।" ਅਸੀਂ ਇਹ ਸੁਣ ਕੇ ਬੜੇ ਖੁਸ਼ ਹੋਏ, ਪਰ ਜਦੋਂ ਜਨਮ-ਅਸਥਾਨ ਦੇ ਦਰਸ਼ਨ ਕੀਤੇ ਤਾਂ ਮਨ ਬੜਾ ਉਦਾਸ ਹੋਇਆ। ਸੱਚੇ ਪਾਤਸ਼ਾਹ! ਤੇਰੇ ਪ੍ਰਾਹੁਣੇ ਆਏ ਸੀ, ਪਰ ਉਨ੍ਹਾਂ ਦੀ ਇਥੇ ਕਿਸੇ ਨੇ ਸੇਵਾ ਸੰਭਾਲ ਨਹੀਂ ਕੀਤੀ, ਨਾ ਕੋਈ ਲੰਗਰ ਨਾ ਜਲ ਪਾਣੀ, ਨਾ ਗੁਰੂ ਮਹਾਰਾਜ ਦਾ ਪ੍ਰਕਾਸ਼, ਨਾ ਕੀਰਤਨ ਨਾ ਦੇਗਾਂ। ਕੁਛ ਵੀ ਤਾਂ ਨਹੀਂ ਸੀ। ਗੁਰਦੁਆਰੇ ਵਿਚ ਕੇਵਲ ਥੜਾ ਸਾਹਿਬ ਹੈ, ਜਿਸ ਤੇ ਇਕ ਰੁਮਾਲ ਵਿਛਿਆ ਹੋਇਆ ਸੀ। ਸ਼ੁਕਰ ਸ਼ੁਕਰ ਕਰ ਕੇ ਅਸੀਂ ਇਸ ਅਸਥਾਨ ਦੀ ਚਰਨ-ਧੂੜ ਮਸਤਕ ਲਾ ਕੇ ਵਾਪਸ ਮੁੜੇ। ਅਗਲੇ ਦਿਨ ੧੪ ਨਵੰਬਰ ਨੂੰ ਸਵੇਰੇ ੯ ਵਜੇ ਦੀ ਗੱਡੀ ਤੇ ਬੈਠ ਕੇ ਸ਼ਾਮ ਨੂੰ ੫ ਵਜੇ ਸ੍ਰੀ ਅੰਮ੍ਰਿਤਸਰ ਸਾਹਿਬ ਉਤਰੇ, ਹਾਲਾਂ ਕਿ ਲਾਹੌਰ ਤੋਂ ਅੰਮ੍ਰਿਤਸਰ ਕੇਵਲ ੭੦ ਕਿਲੋਮੀਟਰ ਹੈ।

www.AKJ.Org

# ਸੋਹਾਗਣ ਤੇ ਦੋਹਾਗਣ

[ਪ੍ਰੋ: ਹਰਬੰਸ ਸਿੰਘ ਜੀ, ਲੁਧਿਆਣਾ]

ਗੁਰਬਾਣੀ ਵਿਚ ਸੋਹਾਗਣ ਤੇ ਦੋਹਾਗਣ ਦੇ ਜੋ ਰੂਪ ਨਿਖਾਰੇ ਗਏ ਹਨ, ਉਨ੍ਹਾਂ ਦਾ ਸਾਰ-ਅੰਸ਼ ਹੇਠਾਂ ਦਿਤਾ ਜਾ ਰਿਹਾ ਹੈ। ਵੇਖਣਾ ਇਹ ਹੈ ਕਿ ਅਸੀਂ ਕੀ ਹਾਂ।

| ਸੋਹਾਗਣ | ਦੋਹਾਗਣ |
|---|---|
| ੧–ਵਰ ਪ੍ਰਾਪਤ (ਵਿਆਹੀ ਹੋਈ) ਇਸਤ੍ਰੀ ਜਿਸ ਦੇ ਸਿਰ ਆਪਣੇ ਸਾਈਂ (ਸ਼ਹੁ) ਦਾ ਸਾਇਆ ਹੋਵੇ। | ੧–ਰੰਡੀ, ਖਸਮੋਂ ਘੁੱਥੀ, ਛੁੱਟੜ, ਖਸਮਾਂ ਖਾਣੀ। |
| ੨–ਸੋਹਾਗ ਭਾਗ ਵਾਲੀ, ਸਾਬਤ ਸੂਰਤ, ਸਿਰ ਦਸਤਾਰ ਵਾਲੀ, ਪਤੀਬ੍ਰਤਾ। | ੨–ਸਿਰਮੁੰਨੀ, ਜਿਸ ਦਾ ਸਿਰ ਮੂੰਹ ਮੁੰਨ ਕੇ ਕੰਤ ਨੇ ਘਰੋਂ ਕੱਢ ਦਿੱਤਾ ਹੋਵੇ, ਪਤਿਤ। |
| ੩–ਖਸਮ ਵਾਲੀ। | ੩–ਨਿਖਸਮੀ। |
| ੪–ਆਪਣੇ ਪ੍ਰੀਤਮ ਦੇ ਪ੍ਰੇਮ ਵਿਚ ਰੱਤੀ, ਉਸਦੀ ਭੈ-ਭਾਵਨੀ ਵਿਚ ਰਹਿਣ ਵਾਲੀ। | ੪–ਵੰਨ-ਸੁਵੰਨੇ ਪ੍ਰੇਮੀਆਂ ਨਾਲ ਪ੍ਰੇਮ-ਪੀਂਘਾਂ ਪਾਉਣ ਵਾਲੀ, ਇਕ ਨਾਲੋਂ ਤੋੜ ਕੇ ਦੂਜੇ ਨਾਲ ਗੰਢਣ ਵਾਲੀ। ਯਾਰਾਂ ਪਿੱਟੀ, ਕਮਜਾਤ। |
| ੫–ਆਪਣੇ ਪਤੀ ਪਰਮੇਸ਼ਰ ਤੇ ਹੀ ਪਤੀਜਣ ਵਾਲੀ। | ੫–ਬਾਹਰ ਦੀ ਝਾਕ ਰੱਖਣ ਵਾਲੀ। |
| ੬–ਆਪਣੇ ਸ਼ਹੁ-ਪ੍ਰੀਤਮ ਦੀ ਆਗਿਆਕਾਰ, ਉਸਦੇ ਹੁਕਮਾਂ ਅੰਦਰ ਚੱਲਣ ਵਾਲੀ। | ੬–ਆਪਣੇ ਖਸਮ ਨੂੰ ਟਿੱਚ ਜਾਨਣ ਵਾਲੀ, ਆਪ-ਹੁਦਰੀ, ਸ਼ਹੁ ਦੇ ਹੁਕਮਾਂ ਦੀ ਪਰਵਾਹ ਨਾ ਕਰਨ ਵਾਲੀ। |
| ੭–ਆਚਾਰਵੰਤ, ਚੰਗੇ ਚਾਲ ਚਲਣ ਵਾਲੀ। | ੭–ਆਚਾਰਹੀਣ, ਬਦਚਲਣ। |
| ੮–ਗੁਣਵੰਤੀ। | ੮–ਅਵਗੁਣਿਆਰ। |
| ੯–ਸੁਚੱਜੀ। | ੯–ਕੁਚੱਜੀ। |
| ੧੦–ਸਤਵੰਤੀ। | ੧੦–ਕਾਮਨਿਆਰ, ਵਿਸ਼ੇ ਵਿਕਾਰਾਂ ਵਿਚ ਪਲੀਤ। |
| ੧੧–ਸਚਿਆਰ। | ੧੧–ਕੂੜਿਆਰ। |
| ੧੨–ਸਤਿ, ਸੰਤੋਖ ਤੇ ਦਇਆ ਧਰਮ ਵਾਲੀ। | ੧੨–ਬੇਸਬਰੀ, ਬੇਅਸੂਲੀ ਤੇ ਬੇਰਹਿਮਣ ਕਰੂਪ ਕੁਲੱਛਣੀ। |
| ੧੩–ਸੱਚੇ ਸੁੱਚੇ ਅਮਲਾਂ ਵਿਚ ਪ੍ਰਧਾਨ। | ੧੩–ਗੱਲਾਂ ਦਾ ਖੱਟਿਆ ਖਾਣ ਵਾਲੀ। |
| ੧੪–ਵਹਿਮਾਂ ਭਰਮਾਂ ਤੋਂ ਨਿਰਲੇਪ। | ੧੪–ਭਰਮਾਂ ਵਿਚ ਭੁੱਲੀ ਹੋਈ ਵਹਿਮਣ। |
| ੧੫–ਇਕ ਪ੍ਰਭੂ ਪ੍ਰੀਤਮ ਤੇ ਟੇਕ ਰੱਖਣ ਵਾਲੀ। | ੧੫–ਜਣੇ ਖਣੇ ਦਾ ਆਸਰਾ ਭਾਲਣ ਵਾਲੀ। |
| ੧੬–ਪੰਜ ਕਕਾਰ ਦੀ ਧਾਰਨੀ। ਹਰਿ ਹਰਿ ਨਾਮ ਦਾ ਹਾਰ ਪਹਿਨਣ ਵਾਲੀ। | ੧੬–ਕੂੜੇ ਸ਼ਿੰਗਾਰਾਂ, ਗਹਿਣੇ ਗੱਟਿਆਂ, ਸੁਰਖ਼ੀ ਬਿੰਦੀ ਆਦਿ ਵਿਚ ਲੁਭਤ। |
| ੧੭–ਨਾਮ ਦੀ ਰੰਗਣ ਵਿਚ ਰੱਤੀ। | ੧੭–ਲਬ, ਲੋਭ ਹੰਕਾਰ ਵਿਚ ਮੱਤੀ। |
| ੧੮–ਸੁੱਖਾਂ ਲੱਧੀ, ਸਤਿ-ਚਿਤ-ਅਨੰਦ। | ੧੮–ਦੁੱਖਾਂ ਗ੍ਰੱਸੀ, ਦੁਖੀ ਮਨ। |
| ੧੯–ਆਪਣੇ ਸ਼ਹੁ ਦੀ ਚੇਰੀ। | ੧੯–ਕਿਸੇ ਦੀ ਵੀ ਸਕੀ ਨਾ। |
| ੨੦–ਪੇਕੇ ਸਹੁਰੇ ਅਰਥਾਤ ਲੋਕ ਪਰਲੋਕ ਵਿਚ ਸੋਭਾ ਪਾਉਣ ਵਾਲੀ। | ੨੦–ਦੋਹੀਂ ਜਹਾਨੀਂ ਮੂੰਹ ਕਾਲਾ। "ਹਲਤਿ ਲ ਸੋਭਾ, ਪਲਤਿ ਨ ਢੋਈ।" (੧੨੭) |

www.AKJ.Org

੨੧–ਚੰਗੇ ਭਾਗਾਂ ਵਾਲੀ।
੨੨–ਗੁਰਮਤਿ ਦੀ ਪੰਪਾਊ, ਗੁਰਮੁਖ।
੨੩–ਸਹੀਆਂ ਸੇ ਸੋਹਾਗਣੀ
ਜਿਨ ਸਹ ਨਾਲਿ ਪਿਆਰੁ ਜੀਉ॥੬॥(ਪੰਨਾ ੭੨)
੨੪–ਸੋਹਾਗਣੀ ਸਦਾ ਮੁਖ ਉਜਲਾ ਗੁਰ ਕੈ ਸਹਜਿ ਸੁਭਾਇ ॥ ਸਦਾ ਪਿਰੁ ਰਾਵਹਿ ਆਪਣਾਵਿਚਹੁ ਆਪੁ ਗਵਾਇ ॥੧॥੪॥
(ਵਡਹੰਸੁ ਮ: ੩, ਪੰਨਾ ੫੫੯)

੨੧–ਮੰਦ ਭਾਗਣ।
੨੨–ਦੁਰਮਤਿ ਦੇ ਰਾਹ ਚੱਲਣ ਵਾਲੀ, ਮਨਮੁਖ।
੨੩–ਦੋਹਾਗਣੀ ਕਿਆ ਨੀਸਾਣੀਆ ॥ ਖਸਮਹੁ ਘੁਥੀਆਂ ਫਿਰਹਿ ਨਿਮਾਣੀਆ ॥੭॥ (ਪੰਨਾ ੭੨)
੨੪–ਦੋਹਾਗਣੀ ਖਰੀਆਂ ਬਿਲਲਾਦੀਆ
ਤਿਨਾ ਮਹਲੁ ਨ ਪਾਇ ॥
ਦੂਜੈ ਭਾਇ ਕਰੂਪੀ ਦੂਖੁ ਪਾਵਹਿ ਆਗੈ ਜਾਇ ॥
੨॥੪॥ (ਪੰਨਾ ੫੫੯)

**ਦੋਹਾਗਣੀ** ਭਰਮਿ ਭੁਲਾਈਆ, ਕੂੜੁ ਬੋਲਿ ਬਿਖੁ ਖਾਹਿ ॥
ਪਿਰੁ ਨ ਜਾਣਨਿ ਆਪਣਾ, ਸੁੰਞੀ ਸੇਜ ਦੁਖੁ ਪਾਹਿ ॥੪॥੩੩॥
**ਸੋਹਾਗਣੀ** ਸਦਾ ਪਿਰੁ ਪਾਇਆ, ਹਉਮੈ ਆਪੁ ਗਵਾਇ ॥
ਪਿਰ ਸੇਤੀ ਅਨਦਿਨੁ ਗਹਿ ਰਹੀ, ਸਚੀ ਸੇਜ ਸੁਖੁ ਪਾਇ ॥੬॥੧੩॥
(ਆਸਾ ਮ: ੩, ਪੰਨਾ ੪੨੮)

---

# ਧਰਮ ਅਤੇ ਰਾਜਨੀਤੀ

ਸਹੀ ਅਰਥਾਂ ਵਿਚ ਧਰਮ ਅਤੇ ਰਾਜਨੀਤੀ ਇਕ ਨਹੀਂ, ਬਲਕਿ ਰਾਜਨੀਤੀ ਧਰਮ ਦਾ ਹੀ ਹਿੱਸਾ ਹੈ ਰਾਜਨੀਤੀ ਦਾ ਸਥਾਨ ਧਰਮ ਤੋਂ ਹੇਠਾਂ ਹੈ। ਧਰਮ ਕੋਈ ਵਿਅਕਤੀਗਤ ਚੀਜ਼ ਨਹੀਂ, ਬਲਕਿ ਧਰਮ ਦਾ ਸੰਕਲਪ ਬਹੁਤ ਜ਼ਿਆਦਾ ਵਿਆਪਕ ਹੈ। ਹਰ ਉਹ ਚੀਜ਼, ਜੋ ਮਨੁੱਖੀ ਜੀਵਨ ਨੂੰ ਪ੍ਰਭਾਵਤ ਕਰਦੀ ਹੈ, ਧਰਮ ਦੇ ਘੇਰੇ ਵਿਚ ਆ ਜਾਂਦੀ ਹੈ। ਰਾਜਨੀਤੀ, ਅਰਥ-ਸ਼ਾਸਤਰ, ਵਿਗਿਆਨ, ਦਰਸ਼ਨ, ਕਲਾ, ਖੇਡਾਂ ਆਦਿ ਸਭ ਧਰਮ ਦਾ ਹੀ ਹਿੱਸਾ ਹਨ। ਵਿਅਕਤੀਗਤ ਚੀਜ਼ ਕਰਮ-ਕਾਂਡ ਤਾਂ ਬਣ ਸਕਦੀ ਹੈ, ਪਰ ਧਰਮ ਨਹੀ। ਧਰਮ ਵੀ ਬਹੁਤ ਨਹੀਂ ਹੋ ਸਕਦੇ। ਧਰਮ ਇਕ ਹੀ ਹੈ–

ਸਭ ਕਲਿ ਉਧਰੀ ਇਕ ਨਾਮ ਧਰਮ ॥੯॥ (ਸਵਯੇ ਮ: ੫, ਪੰਨਾ ੧੩੮੭)
ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥੮॥੩॥ (ਪੰਨਾ ੨੬੬)

ਧਰਮ ਦਸਤਾਰ ਹੈ ਅਤੇ ਇਸ ਦਾ ਅਸਥਾਨ ਸਭ ਤੋਂ ਉਪਰ ਹੈ, ਜਦ ਕਿ ਰਾਜਨੀਤੀ ਜੁੱਤੀ ਹੈ। ਧਰਮ ਜੋੜਦੀ ਹੈ, ਜਦ ਕਿ ਰਾਜਨੀਤੀ ਤੋੜਦੀ ਹੈ। ਇਹ ਰਾਜਨੀਤੀ ਹੀ ਹੈ ਜੋ ਧਰਮ ਵਿਚ ਵਖੇਵਾਂ ਪੈਦਾ ਕਰਦੀ ਹੈ! ਗੁਰਮਤਿ ਅਨੁਸਾਰ ਚੰਗਾ ਧਾਰਮਕ ਵਿਅਕਤੀ ਹੀ, ਚੰਗਾ ਰਾਜਨੀਤੀਵਾਨ ਬਣ ਸਕਦਾ ਹੈ–

ਰਾਜਾ ਤਖਤਿ ਟਿਕੈ ਗੁਣੀ, ਭੈ ਪੰਚਾਇਣੁ ਰਤੁ ॥੧॥੧੦॥ (ਮਾਰੂ ਮ: ੧, ਪੰਨਾ ੯੯੨)

ਚੰਗਾ ਧਾਰਮਕ ਵਿਅਕਤੀ ਹੀ ਰਾਜਾ ਬਣ ਕੇ ਸਭ ਲੋਕਾਂ ਨਾਲ ਇਕੋ ਜਿਹਾ ਨਿਆਂ ਕਰ ਸਕਦਾ ਹੈ। ਉਹ ਹੀ ਗਰੀਬੀ ਹਟਾ ਸਕਦਾ ਹੈ। ਉਸਦੇ ਰਾਜ ਵਿਚ ਭ੍ਰਿਸ਼ਟਾਚਾਰ ਨਹੀਂ ਹੋਏਗਾ ਅਤੇ ਦੰਗੇ ਨਹੀਂ ਭੜਕਣਗੇ। ਇਹ ਰਾਜਨੀਤੀ ਹੈ ਜੋ ਭਰਾ ਭਰਾ ਨੂੰ ਲੜਾਉਂਦੀ ਹੈ, ਇਕ ਦੇਸ਼ ਨੂੰ ਦੂਜੇ ਦੇਸ਼ ਨਾਲ ਟਕਰਾਉਂਦੀ ਹੈ। ਇਹ ਰਾਜਨੀਤੀ ਹੀ ਹੈ ਜਿਸਨੇ ਅੱਜ ਦੇਸ਼ ਦਾ ਮਾਹੌਲ ਖ਼ਰਾਬ ਕੀਤਾ ਹੋਇਆ ਹੈ। ਇਹ ਪਰਤੱਖ ਸਚਾਈ ਹੈ ਕਿ ਸਿੱਖ ਧਰਮ ਨੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਜੋੜਿਆ, ਪਰ ਰਾਜਨੀਤੀ ਦਾ ਕਮਾਲ ਦੇਖੋ ਕਿ ਸਭ ਨੂੰ ਜੁਦਾ ਜੁਦਾ ਕਰ ਦਿਤਾ।

[ਐਡੀਟਰ, ਗੁਰਸਿਖ ਸੰਜੋਗ, ਦਿੱਲੀ


www.AKJ.Org

ਪੰਥ-ਦਰਦੀਓ ! ਜਾਗੋ !! ਕੁਝ ਕਰੋ !!!

# ਸਿਖ ਸਮਾਜ ਸਨਮੁਖ ਵੰਗਾਰ–ਕੇਬਲ ਟੀ.ਵੀ. ਅਤੇ ਦੂਰਦਰਸ਼ਨ

[ਭਾਈ ਅਮਰਜੀਤ ਸਿੰਘ ਜੀ ਨਿਹੰਗ ਸਿੰਘ]

ਵੀਹਵੀਂ ਸਦੀ ਸੰਚਾਰ ਮਾਧਿਅਮਾਂ ਲਈ ਇੱਕ ਕ੍ਰਾਂਤੀ ਸਾਬਤ ਹੋਈ ਹੈ । ਪਹਿਲਾਂ ਟੀ. ਵੀ., ਫਿਰ ਵੀ. ਸੀ. ਆਰ. ਅਤੇ ਹੁਣ ਟੀ. ਵੀ. ਕੇਬਲ ਦੀ ਬੀਮਾਰੀ ਦਾ ਸਰਵ-ਵਿਆਪੀ ਮਾਰੂ ਹਮਲਾ ਆਰੰਭ ਹੋ ਗਿਆ ਹੈ । ਯੂਰਪੀ ਭਾਈਚਾਰਾ, ਜਿਸ ਨੇ ਇਸਦੀ ਖੋਜ ਕੀਤੀ ਸੀ, ਉਹ ਆਪ ਹੀ ਇਸਦੀ ਵਰਤੋਂ ਤੋਂ ਮੁੱਖ ਮੋੜ ਗਿਆ ਹੈ । ਉਸਨੇ ਇਸਨੂੰ (ਈਡਿਟ ਬਾਕਸ) ਬਦਤਮੀਜ਼ੀ ਦਾ ਡੱਬਾ ਕਹਿ ਕੇ ਨਿੰਦਿਆ ਹੈ ਅਤੇ ਅਸੀਂ ਇਸਨੂੰ ਇਕ ਅਨਮੋਲ ਸੁਗਾਤ ਸਮਝ ਕੇ ਬੜੀ ਸ਼ਰਧਾ ਨਾਲ ਅਪਣਾਅ ਲਿਆ ਹੈ । ਜਿਸ ਦੇਸ਼ ਨੂੰ ਗੁਲਾਮ ਬਣਾਉਣ ਲਈ ਅੰਗਰੇਜ਼ਾਂ ਨੂੰ ਦੋ ਸੌ ਵਰ੍ਹੇ ਲੱਗੇ, ਉਸ ਪੂਰੇ ਦੇਸ਼ ਨੂੰ ਕੇਬਲ ਦੀਆਂ ਤਾਰਾਂ ਨੇ ਇੱਕ ਸਾਲ ਦੇ ਵਿੱਚ ਹੀ ਪੂਰੀ ਤਰ੍ਹਾਂ ਜਕੜ ਲਿਆ ਹੈ । ਸਿੱਖ ਸਮਾਜ ਵੀ ਇਸ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਬਚ ਸਕਿਆ । ਲੱਜਾ, ਸ਼ਰਮ, ਹਯਾ, ਪਰਦਾ ਖੰਭ ਲਗਾ ਕੇ ਉਡ ਗਏ ਹਨ । ਇਸ ਦੇ ਚੈਨਲ ਸਾਰਾ ਦਿਨ ਚਲਦੇ ਹਨ । ਡਿਸ਼ ਐਨਟੀਨਾ ਅਤੇ ਕੇਬਲ ਦੀਆ ਤਾਰਾਂ ਨੇ ਸਾਡੀਆਂ ਮਨੋ-ਬਿਰਤੀਆਂ ਅਤੇ ਸੱਭਿਆਚਾਰਕ ਕਦਰਾਂ ਕੀਮਤਾਂ ਨੂੰ ਬਖੇਰ ਕੇ ਰੱਖ ਦਿੱਤਾ ਹੈ ।

ਜਬ ਲਗ ਖ਼ਾਲਸਾ ਰਹੈ ਨਿਆਰਾ ॥ ਤਬ ਲਗ ਤੇਜ ਦੀਉ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈਂ ਨ ਕਰੋਂ ਇਨ ਕੀ ਪ੍ਰਤੀਤ ॥

ਦਾ ਸੰਕਲਪ ਧੁੰਦਲਾ ਹੁੰਦਾ ਜਾ ਰਿਹਾ ਹੈ । ਕਈ ਸੰਸਥਾਵਾਂ ਦੁਆਰਾ ਕੀਤੇ ਸਰਵੇ ਤੋਂ ਸਾਹਮਣੇ ਆਏ ਇਹ ਤੱਥ ਸਪੱਸ਼ਟ ਗਵਾਹੀ ਭਰਦੇ ਹਨ ਕਿ ਬੱਚਿਆਂ ਦੁਆਰਾ ਕੀਤੇ ਗਏ ਬਹੁਤੇ ਅਪਰਾਧਾਂ ਦਾ ਕਾਰਨ ਕਾਮ-ਭੜਕਾਊ ਪਿਕਚਰਾਂ ਨੂੰ ਹੀ ਮੰਨਿਆ ਗਿਆ ਹੈ । ਇਨ੍ਹਾਂ ਪਿਕਚਰਾਂ ਤੋਂ ਪ੍ਰਭਾਵਿਤ ਹੋਏ ਬੱਚੇ ਸੈਕਸ ਪ੍ਰਤੀ ਗੁੰਮਰਾਹ ਹੋ ਗਏ ਹਨ । ਜੋ ਸਰਕਾਰ ਸਾਨੂੰ ਦਿਖਾਉਣਾ ਚਾਹੁੰਦੀ ਹੈ, ਅਸੀਂ ਉਹ ਦੇਖਣ ਦੇ ਆਦੀ ਹੋ ਗਏ ਹਾਂ, ਪਰੰਤੂ ਗੁਰਬਾਣੀ ਦਾ ਫੁਰਮਾਨ ਹੈ :–

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥੩੬॥

[ਰਾਮਕਲੀ ਮ: ੩ ਅਨੰਦੁ–੯੨੨

ਇਹ ਵਾਕ (ਫੁਰਮਾਨ) ਕੇਵਲ ਪੜ੍ਹਨ ਤੱਕ ਹੀ ਸੀਮਿਤ ਰਹਿ ਗਿਆ ਹੈ । ਅਸੀਂ ਇਸੇ ਤਰ੍ਹਾਂ ਬਵੱਸ ਰਹੇ ਤਾਂ ਇਕ ਦਿਨ ਅਜਿਹਾ ਆਵੇਗਾ ਕਿ ਸਾਡੀਆਂ ਬੱਚੀਆਂ-ਖੁਚੀਆਂ ਕਦਰਾਂ-ਕੀਮਤਾਂ ਸਾਡੇ ਸਾਹਮਣੇ ਹੀ ਤਹਿਸ-ਨਹਿਸ ਹੋ ਕੇ ਰਹਿ ਜਾਣਗੀਆਂ । ਸਾਡੇ ਕੋਲੋਂ ਇਸ ਦਾ ਮਾਤਮ ਵੀ ਨਹੀਂ ਮਨਾ ਹੋਣਾ, ਕਿਉਂਕਿ ਅਸੀਂ ਤਾਂ ਵਿਦੇਸ਼ੀ ਚੈਨਲਾਂ ਦੀ ਜਗਮਗਾਹਟ ਵਿਚ ਕਿਤੇ ਹੋਰ ਹੀ ਗਵਾਚੇ ਹੋਣਾ ਹੈ । ਮੁਸਲਿਮ ਧਰਮ ਤਾਂ ਟੀ. ਵੀ. ਨੂੰ ਇੱਕ ਕਿਆਮਤ ਦੀ ਨਿਸ਼ਾਨੀ ਗਰਦਾਨਦਾ ਹੈ । ਟੀ. ਵੀ. ਸਾਡੀ ਸਮੁੱਚੀ ਸ਼ਖਸੀਅਤ ਤੇ ਸਿੱਧਾ ਪ੍ਰਭਾਵ ਪਾਉਂਦਾ ਹੈ । ਇਸਨੂੰ ਦੇਖਣ ਨਾਲ ਸਾਡੀ ਮਾਨਸਿਕਤਾ ਅਤੇ ਵਿਚਾਰ ਗ਼ੁਲਾਮ ਹੁੰਦੇ ਚਲੇ ਜਾਂਦੇ ਹਨ । ਫਿਰ ਰਾਜਨੀਤਿਕ ਗੁਲਾਮੀ ਅਤੇ ਸਰੀਰਕ ਗੁਲਾਮੀ ਬਹੁਤੀ ਦੂਰ ਨਹੀਂ ਹੁੰਦੀ ।

ਆਓ, ਆਪਾਂ ਉਪਰੋਕਤ ਵਿਸ਼ੇ ਦੀ ਰੋਸ਼ਨੀ ਵਿਚ ਇਸ ਚਰਚਿਤ ਬੀਮਾਰੀ ਦਾ ਸਿੱਖ ਸੱਭਿਅਤਾ, ਸਿੱਖ ਸੱਭਿਆਚਾਰ, ਸਿੱਖ ਰਹਿਤ ਮਰਯਾਦਾ, ਸ਼ਾਨਦਾਰ ਵਿਰਸੇ ਅਤੇ ਕਦਰਾਂ ਕੀਮਤਾਂ ਤੇ ਪੈ ਰਹੇ ਮਾਰੂ ਪ੍ਰਭਾਵ ਵਲ ਜ਼ਰਾ ਕੁ ਨਜ਼ਰ ਮਾਰੀਏ । ਸਮੁੱਚਾ ਸਿੱਖ ਸਮਾਜ, ਅੰਮ੍ਰਿਤਧਾਰੀ ਸਿੰਘ-ਸਿੰਘਣੀਆਂ, ਬੱਚੇ-ਬੱਚੀਆਂ ਵੀ ਕੇਬਲ ਟੀ. ਵੀ. ਦੇ ਜਾਲ ਵਿੱਚ ਫਸਣੋਂ ਬਚ ਨਹੀਂ ਸਕੇ ।

੧. ਕੀ ਕੇਬਲ ਟੀ. ਵੀ. ਸਾਡੇ ਸਭਿਆਚਾਰ, ਵਿਰਾਸਤ ਅਤੇ ਸੱਭਿਆਚਾਰਤਾ ਵਿਚ ਕੋਈ ਸਥਾਨ ਰੱਖਦਾ ਹੈ ?
੨. ਕੀ ਗੁਰੂ ਦੁਆਰਾ ਦਰਸਾਏ ਮਾਰਗ ਦੇ ਪਾਂਧੀਆਂ, ਰਹਿਤ-ਬਹਿਤ ਦੇ ਪੱਕੇ ਧਾਰਨੀ ਗੁਰਮੁਖ ਪਿਆਰਿਆਂ

www.AKJ.Org

ਲਈ ਇਹ ਦੇਖਣਾ ਸੋਭਦਾ ਹੈ ?

੩. ਕੀ ਅਸੀਂ ਕਲਗੀਆਂ ਵਾਲੇ ਦੇ ਬੱਚੇ-ਬੱਚੀਆਂ ਅਤੇ ਪੈਰੋਕਾਰ ਹੁੰਦੇ ਹੋਏ ਇਸ 'ਡੱਬੇ' (ਟੀ. ਵੀ.) ਦੇ ਗ਼ੁਲਾਮ ਬਣ ਕੇ ਸੋਭਦੇ ਹਾਂ ?

ਕੋਈ ਜ਼ਮਾਂ ਸੀ ਅੰਮ੍ਰਿਤਧਾਰੀ ਸਿੰਘਾਂ ਲਈ ਸਿਨੇਮਾ ਵੇਖਣਾ ਇਕ ਬੁਰਿਆਈ ਸਮਝੀ ਜਾਂਦੀ ਸੀ। ਪਰ ਹੁਣ ਸਾਡੇ ਨਿਵਾਸ ਸਥਾਨ :

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ।। (ਸੋਹਿਲਾ)

ਨਾ ਰਹਿ ਕੇ ਸਿਨੇਮਾਂ ਘਰਾਂ ਵਿਚ ਤਬਦੀਲ ਹੋ ਗਏ ਹਨ।

੧. ਕੀ ਨੰਗੇਜ ਨਾਲ ਭਰੀਆਂ ਫਿਲਮਾਂ ਵੇਖ ਕੇ ਸਾਡੀਆਂ ਮਨੋ ਬਿਰਤੀਆਂ ਇਕਾਗਰ ਰਹਿ ਸਕਣਗੀਆਂ ?

੨. ਕੀ ਫਿਲਮਾਂ ਦੁਆਰਾ ਪੈਦਾ ਹੋਣ ਵਾਲੀ ਚੰਚਲਤਾਈ ਅਤੇ ਕਾਮ-ਉਕਸਾਊ ਰੁਚੀ ਤੇ ਕਾਬੂ ਪਾਇਆ ਜਾ ਸਕਦਾ ਹੈ ?

੩. ਅੰਮ੍ਰਿਤਧਾਰੀ ਗੁਰਸਿਖ ਜੋ ਪਰਵਾਰ ਵਿਚ ਨੌਜਵਾਨ ਬੱਚੇ, ਬੱਚੀਆਂ ਸਮੇਤ ਗੰਦੀਆਂ ਕਾਮ-ਭਰਪੂਰ ਪਿਕਚਰਾਂ ਦੇਖਦੇ ਹਨ ਤਾਂ ਕੀ ਉਨ੍ਹਾਂ ਦਾ ਕੋਈ ਦੁਨਿਆਵੀ ਪਰਦਾ ਰਹਿ ਸਕਦਾ ਹੈ ? ਕੀ ਉਨ੍ਹਾਂ ਤੋਂ ਆਸ ਕੀਤੀ ਜਾ ਸਕਦੀ ਹੈ ਕਿ ਉਹ ਕਿਸੇ ਅਬਲਾ ਧੀ ਭੈਣ ਦੀ ਰਾਖੀ ਦੇ ਜ਼ਾਮਨ ਹੋ ਸਕਦੇ ਹਨ ? ਕੀ ਉਹੀ ਵਿਅਕਤੀ, ਜਿਸਨੇ ਇਨ੍ਹਾਂ ਕਾਮ-ਉਕਸਾਊ ਫਿਲਮਾਂ ਦਾ ਆਨੰਦ ਮਾਣਿਆ ਹੋਇਗਾ, ਜਦੋਂ ਗੁਰੂ ਸੰਗਤ ਵਿਚ ਆਏਗਾ, ਕੀ ਉਹ ਖ਼ੁਦ ਅਸ਼ਲੀਲ ਹਰਕਤਾਂ ਕਰਨੋਂ ਸਵੈ-ਕਾਬੂ ਰੱਖ ਸਕੇਗਾ?

ਟੀ. ਵੀ. ਦੀ ਵਰਤੋਂ ਨੂੰ ਉਚਿਤ ਠਹਿਰਾਉਣ ਦਾ ਸੋਚਿਆ-ਸਮਝਿਆ ਇਕ ਬਹਾਨਾ ਅਸੀਂ ਇਹ ਘੜ ਰਖਿਆ ਹੈ ਕਿ ਅਸੀਂ ਘਰ ਵਿਚ ਟੀ ਵੀ ਮਜਬੂਰਨ ਬੱਚਿਆਂ ਦੀ ਮੰਗ ਪੂਰੀ ਕਰਨ ਹਿੱਤ ਲਾਇਆ ਹੋਇਆ ਹੈ। ਜਦੋਂ ਕਿ ਅਸਲੀਅਤ ਇਸਦੇ ਉਲਟ ਹੈ ਕਿ ਪੂਰੇ ਦਾ ਪੂਰਾ ਗੁਰਸਿੱਖ ਪਰਵਾਰ ਇਸ ਦਾ ਗੁਲਾਮ ਹੋ ਕੇ ਰਹਿ ਗਿਆ ਹੈ ਅਤੇ ਇਸਨੂੰ ਦੇਖਣ ਦਾ ਝਸ ਸਾਰੇ ਹੀ ਪੂਰਾ ਕਰਦੇ ਹਨ। ਉਚੀ ਸੁਚੀ ਸਿੱਖ ਸ਼ਖ਼ਸੀਅਤ ਦੇ ਨਿਰਮਾਣ ਵਿਚ ਇਹ ਕਿੰਨਾ ਕੁ ਯੋਗਦਾਨ ਪਾ ਸਕਦਾ ਹੈ ? ਇਸਨੂੰ ਵੇਖਣ ਵਾਲੇ ਸਿੱਖ ਬੱਚੇ, ਕੀ ਸਾਹਿਬਜ਼ਾਦਿਆ ਦੀ ਵਿਚਾਰਧਾਰਾ ਦੇ ਵਾਰਿਸ ਬਣ ਸਕਣਗੇ ? ਇਹ ਸੋਚਣ ਵਾਲੀ ਗੱਲ ਹੈ ਕਿ ਬੱਚਿਆਂ ਦੀ ਇਹ ਘਾਤਕ ਮੰਗ ਪੂਰੀ ਕਰਨ ਵਿਚ ਕੀ ਅਸੀਂ ਭਾਈਵਾਲ ਨਹੀਂ ਬਣ ਰਹੇ ? ਕੀ ਇਸਨੂੰ ਵੇਖਣ ਵਾਲੇ ਬੱਚੇ ਸੂਰਬੀਰ, ਸਿਰਲੱਥ ਯੋਧੇ, ਨਿਡਰ ਆਗੂ ਬਣ ਸਕਣਗੇ ? ਖਾਲਸਾ ਪੰਥ ਦੇ ਸੁਨਹਿਰੀ ਭਵਿੱਖ ਦੀ ਮਾਲਕ ਇਹ ਨੌਜਵਾਨ ਪਨੀਰੀ ਕਾਇਰ, ਬੁਜ਼ਦਿਲ ਅਤੇ ਨਿਪੁੰਸਕ ਨਹੀਂ ਹੋ ਜਾਵੇਗੀ ?

"ਸੰਗ ਕੁਸੰਗੀ ਬੈਸਤੇ ਤਬ ਪੂਛੇ ਧਰਮਰਾਇ" ॥੨॥੨੦॥ (ਪੰਨਾ ੬੬੫)

ਕੀ ਇਹ ਫੁਰਮਾਨ ਸਾਡੇ ਤੇ ਨਹੀਂ ਢੁਕਦਾ ?

ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ ॥<br>ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ ॥੨॥੬॥ (ਪੰਨਾ ੭੦੭)

ਸਾਡੀਆਂ ਨਿਤਾਪ੍ਰਤੀ ਦੀਆਂ ਕਿਰਿਆਵਾਂ ਅਤੇ ਨਿਤਨੇਮ ਨੂੰ ਇਸ ਨੇ ਸਪੱਸ਼ਟ ਪ੍ਰਭਾਵਿਤ ਕੀਤਾ ਹੈ। ਅਸੀਂ ਗੁਰੂ ਤੋਂ ਬੇਮੁੱਖ ਹੁੰਦੇ ਜਾ ਰਹੇ ਹਾਂ। ਗੁਰਮਤਿ ਮਾਰਗ ਤੋਂ ਖਿਸਕਦੇ ਜਾ ਰਹੇ ਹਾਂ। ਇਸਦੀ ਰੀਸੇ ਹੀ ਅਸੀਂ ਆਪਣਾ ਗੁਰਮਤਿ ਵਾਲਾ ਸਾਦਾ ਲਿਬਾਸ ਤਿਆਗਣ ਦੀ ਗਲਤੀ ਕਰਨ ਲੱਗੇ ਹਾਂ। **ਅੰਮ੍ਰਿਤਧਾਰੀ ਸਿੰਘਾਂ ਲਈ ਟੀ. ਵੀ. ਦੇਖਣਾ ਉਨ੍ਹਾਂ ਦੇ ਆਤਮਕ ਜੀਵਨ ਵਿਚ ਇਕ ਬੜੀ ਵੱਡੀ ਰੁਕਾਵਟ ਹੈ**। ਰਹਿਤਨਾਮੇ ਅਨੁਸਾਰ ਅੰਮ੍ਰਿਤ-ਧਾਰੀਆਂ ਲਈ ਕੋਈ ਵੀ ਨਾਟਕ ਚੇਟਕ, ਨਾਚ, ਗਾਣੇ, ਡਾਸ, ਗੰਦੇ ਗੀਤ ਅਤੇ ਟੀ. ਵੀ. ਆਦਿਕ ਵੇਖਣ ਰਾਖਣ ਵਾਲਿਆਂ ਨੂੰ ਤਨਖਾਹੀਆ ਹੀ ਗਿਣਿਆ ਜਾਂਦਾ ਹੈ। ਇਸ ਤਰ੍ਹਾਂ ਅਸੀਂ ਗੁਰੂ ਦੇ ਤਨਖਾਹੀਏ ਹੀ ਸਿੱਧ ਹਏ।

ਗੁਰਬਾਣੀ ਦਾ ਫੁਰਮਾਨ ਇਹ ਹੈ :–

ਮੇਰੇ ਮੋਹਨ, ਸ੍ਰਵਨੀ ਇਹ ਨਾ ਸੁਨਾਏ ॥

ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥੧॥ਰਹਾਉ॥ [ਬਿਲਾਵਲੁ ਮ: ੫–੮੨੦

ਜਦ ਟੀ. ਵੀ. ਤੇ ਕੋਈ ਗੰਦਾ ਮੰਦਾ ਸੀਰੀਅਲ ਆ ਰਿਹਾ ਹੁੰਦਾ ਹੈ ਤਾਂ ਅਸੀਂ ਆਪਣੇ ਰੁਝੇਵੇ ਛੱਡ ਕੇ ਇਸਨੂੰ ਦੇਖਣ ਵਲ ਜ਼ਿਆਦਾ ਤਰਜੀਹ ਦਿੰਦੇ ਹਾਂ। ਇਕ ਪਾਸੇ ਤਾਂ ਅਸੀਂ ਗੁਰੂ ਦਾ ਅਦਬ ਸਤਿਕਾਰ, ਸ਼ਰਧਾ ਭੈ ਭਾਵਨੀ ਕਾਇਮ ਕਰਵਾਉਣ ਦੇ ਹਾਮੀ ਹਾਂ। ਸਮੁੱਚਾ ਸਿਖ ਪੰਥ, ਜਿਸ ਵਿਚ ਅਸੀਂ ਰਾਗੀ ਸਿੰਘ, ਢਾਡੀ ਜਥੇ, ਨਿਸ਼ਕਾਮ ਕੀਰਤਨੀਏ ਗੁੰਥੀ ਸਿੰਘ, ਅਤੇ ਕਥਾ ਵਾਚਕ, ਪਾਠੀ ਸਿੰਘ, ਅੰਮ੍ਰਿਤ-ਸੰਚਾਰ ਦੀ ਸੇਵਾ ਕਰਨ ਵਾਲੇ ਸਿੰਘ, ਧਰਮ ਪ੍ਰਚਾਰਕ ਸਾਰੇ ਹੀ ਆਪਣੇ ਅੰਦਰ ਝਾਤੀ ਮਾਰੀਏ ਕਿ ਅਸੀਂ ਇਸ ਨੂੰ ਦੇਖਣਾ ਆਪਣਾ ਨਿਤਨੇਮ ਤਾਂ ਨਹੀਂ ਬਣਾ ਲਿਆ ਹੈ ? ਜੇ ਹੈ ਤਾਂ ਇਸ ਬਦਤਮੀਜ਼ੀ ਦੇ ਡੱਬੇ ਨੂੰ ਦੇਖਣ ਸੁਣਨ ਤੋਂ ਮੂੰਹ ਮੋੜ ਲਈਏ। ਟੀ. ਵੀ. ਤੇ ਆਉਣ ਵਾਲੇ ਕ੍ਰਿਕਟ ਮੈਚਾਂ ਤੋਂ ਪ੍ਰਭਾਵਿਤ ਹੋ ਕੇ ਸਿੱਖ ਬੱਚੇ ਆਪਣੇ ਸਿਰਾਂ ਤੇ ਦਸਤਾਰ ਦੀ ਥਾਂ ਟੋਪੀਆਂ ਹੀ ਪਹਿਨੀ ਫਿਰਦੇ ਆਮ ਮਿਲਦੇ ਹਨ। ਟੋਪੀ ਪਾਉਣ ਵਾਲੇ ਲਈ ਰਹਿਤਨਾਮੇ ਵਿਚ ਦਰਜ ਹੈ ਕਿ–

ਹਏ ਸਿਖ ਸਿਰ ਟੋਪੀ ਧਰੈ ॥ ਸਾਤ ਜਨਮ ਕੁਸ਼ਟੀ ਹੋਏ ਮਰੈ ॥

ਅਸੀਂ ਕਿਹੋ ਜਿਹੇ ਸਿੱਖੀ ਮਹੱਲ ਦੀ ਉਸਾਰੀ ਕਰਨ ਵਿਚ ਲੱਗ ਗਏ ਹਾਂ ? ਸਿੱਖ ਪਨੀਰੀ ਨੂੰ ਸੰਭਾਲਣ ਵਿਚ ਅਸੀਂ ਕੁਤਾਹੀ ਕਰਨ ਦੇ ਜ਼ਿੰਮੇਵਾਰ ਬਣ ਰਹੇ ਹਾਂ। ਕੀ ਟੀ. ਵੀ. ਵੇਖਣ ਵਾਲੇ ਸਾਡੇ ਬੱਚੇ ਬੱਚੀਆਂ ਕਾਮ-ਭਾਵਨਾ ਦੇ ਸ਼ਿਕਾਰ ਨਹੀਂ ਹੋ ਜਾਣਗੇ ਤੇ ਹੋ ਕੇ ਏਡਜ਼ ਵਰਗੀਆਂ ਜਾਨ-ਲੇਵਾ ਬੀਮਾਰੀਆਂ ਦੀ ਭੇਟ ਨਹੀਂ ਚੜ੍ਹ ਜਾਣਗੇ ? ਇਸ ਬੀਮਾਰੀ ਦਾ ਭਵਿੱਖ ਦੀ ਪੀੜ੍ਹੀ ਦੀ ਸਿਹਤ ਤੇ ਬੁਰਾ ਅਸਰ ਪਵੇਗਾ। ਬੀਮਾਰ ਮਾਨਸਿਕਤਾ ਵਾਲਾ ਸਮਾਜ ਹੋਂਦ ਵਿਚ ਆਏਗਾ। ਸਿਹਤਮੰਦ ਸਿੱਖ-ਸਮਾਜ ਅਲੋਪ ਹੋ ਜਾਣਗੇ। ਆਉਣ ਵਾਲੀਆਂ ਨਸਲਾਂ ਸਾਡੀ ਇਸ ਕੋਤਾਹੀ ਲਈ ਸਾਨੂੰ ਕਦਾਚਿਤ ਵੀ ਮੁਆਫ਼ ਨਹੀਂ ਕਰਨਗੀਆਂ। ਚੜ੍ਹਦੀ ਕਲਾ ਅਤੇ ਸਾਬਤ ਸੂਰਤ ਵਾਲਾ ਖਾਲਸਾ ਕਿਵੇਂ ਕਾਇਮ ਰਹਿ ਸਕੇਗਾ ? ਇਨ੍ਹਾਂ ਸਿਰ-ਮੁੰਨੇ ਤੇ ਨਿਗੁਰੇ ਹੀਰੋ-ਹੀਰੋਇਨਾਂ ਦੇ ਚਿਹਰੇ-ਮੁਹਰੇ ਦੇਖਣ ਨਾਲ ਪਤਿਤਪੁਣੇ ਵਿਚ ਵਾਧਾ ਹੀ ਹੋਵੇਗਾ। ਸਿੱਖ ਬੱਚਿਆਂ ਦੇ ਮਨਾਂ ਵਿਚੋਂ ਸਿੱਖ ਕੌਮ ਦੇ ਮਹਾਨ ਯੋਧਿਆਂ ––ਬਾਬਾ ਦੀਪ ਸਿੰਘ ਜੀ, ਭਾਈ ਬਚਿੱਤਰ ਸਿੰਘ ਜੀ, ਸ: ਹਰੀ ਸਿੰਘ ਨਲੂਆ ਅਤੇ ਹੋਰ ਸ਼ਹੀਦ ਸਿੰਘਾਂ ਦੀਆਂ ਦਗਦਗਾਉਂਦੀਆਂ ਦਰਸ਼ਨੀ ਸੂਰਤਾਂ ਵਿਸਰ ਜਾਣਗੀਆਂ।

ਜਾਗੋ ! ਜਾਗੋ !! ਮਰਜ਼ ਵਧ ਗਈ ਤਾਂ ਲਾ-ਇਲਾਜ ਹੋ ਜਾਏਗੀ। ਆਓ, ਸਾਰੇ ਰਲ ਮਿਲ ਕੇ ਯਤਨਸ਼ੀਲ ਅਤੇ ਸੁਚੇਤ ਹੋਈਏ। ਗੁਰੂ ਦਾ ਕਰਜ਼ਾ ਉਤਾਰਨ ਲਈ ਮੈਦਾਨ ਵਿਚ ਆਈਏ। ਗੁਰਮਤਿ ਰਹਿਣੀ-ਬਹਿਣੀ ਤੇ ਗੁਰਮਤਿ ਮਾਰਗ ਤੇ ਕਰੜਾਈ ਨਾਲ ਪਹਿਰਾ ਦਈਏ। ਗੁਰਸਿੱਖੀ ਤੋਂ ਪਤਿਤ ਹੋ ਰਹੀ ਨੌਜਵਾਨ ਪੀੜ੍ਹੀ ਨੂੰ ਉਸਾਰੂ ਸੇਧ ਦੇਈਏ। ਉਸਨੂੰ ਢਹਿੰਦੀਆਂ ਕਲਾ ਚਿ ਲੈ ਜਾਣ ਲਈ ਖ਼ੁਦ ਹੀ ਭਾਈਵਾਲ ਨਾ ਬਣੀਏ। ਸੱਚਮੁਚ ਹੀ ਸਿੱਖ ਪਨੀਰੀ ਨੂੰ ਸੰਭਾਲਣ ਦਾ ਅਤੇ ਆਪਣੇ ਅੰਦਰ ਝਾਤੀ ਮਾਰਨ ਦਾ ਸਮਾਂ ਹੈ। ਗੁਰੂ ਕੇ ਸਿੰਘਾਂ ਦੇ ਘਰਾਂ ਵਿਚ ਟੀ. ਵੀ. ਦੀ ਇਹ ਭੈੜੀ ਬੀਮਾਰੀ ਸ਼ੋਭਦੀ ਨਹੀਂ। ਟੀ. ਵੀ. ਦੇ ਇਨ੍ਹਾਂ ਰੰਗ-ਤਮਾਸ਼ਿਆਂ ਵਿਚ ਖਚਿਤ ਹੋ ਕੇ ਆਪਾ ਭੁੱਲ ਹੀ ਨਾ ਜਾਈਏ। ਟੀ ਵੀ ਨੇ ਸਾਡਾ ਨਿਸਤਾਰਾ ਨਹੀਂ ਕਰਨਾ। ਇਸ ਬਦਤਮੀਜ਼ੀ ਦੇ ਡੱਬੇ ਨੂੰ ਦੇਖਣਾ ਸੁਣਨਾ ਤਾਂ ਹੀ ਸੋਭਦਾ ਹੈ ਜੇ ਇਸਦਾ ਪ੍ਰਚਾਰ (ਮਾਧਿਅਮ) ਗੁਰਮਤਿ ਅਨੁਸਾਰ ਹੋਵੇ। ਆਓ ਆਪਣਾ ਅੱਗਾ ਸਵਾਰੀਏ ਅਤੇ ਲੋਕ ਸੁਖੀਏ ਪਰਲੋਕ ਸੁਹੇਲਾ ਕਰੀਏ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

---

**ਪਾਠਕ ਜਨੋ** – ੧. ਪਰਚਾ ੧੫ ਤਰੀਕ ਤਕ ਨਾ ਮਿਲੇ ਤਾਂ ਗੁੰਮ ਸਮਝੋ ਅਤੇ ਹੋਰ ਭੇਜਣ ਲਈ ਕਾਰਡ ਪਾਓ।
੨. ਤੁਹਾਡਾ ਚਿੱਟ ਨੰਬਰ ਹਰ ਮਹੀਨੇ ਐਡਰੈਸ ਤੋਂ ਪਹਿਲਾਂ ਲਿਖ ਭੇਜਦੇ ਹਾਂ। ਚਿੱਟ ਨੰਬਰ ਨੋਟ ਕਰੋ ਅਤੇ ਚੰਦਾ ਜਮ੍ਹਾ ਕਰਾਉਣ ਲਈ ਚਿੱਟ ਨੰਬਰ ਜ਼ਰੂਰ ਦਸੋ, ਨਹੀਂ ਤਾਂ ਚੰਦਾ ਗਲਤ ਖਾਤੇ ਵਿਚ ਜਮ੍ਹਾ ਹੋ ਸਕਦਾ ਹੈ।
੩. ਛਪਣ ਵਾਲੇ ਪ੍ਰੋਗਰਾਮ ਹਰ ਮਹੀਨੇ ੨੦ ਤਰੀਕ ਤਕ ਪੁਜਣੇ ਜ਼ਰੂਰੀ ਹਨ।

# ਕਬਿਤ ਸਵੱਯੇ ਭਾਈ ਗੁਰਦਾਸ ਜੀ (੧੩)

ਚਰਨ ਕਮਲ ਮਕਰੰਦ ਰਸ ਲੁਭਿਤ ਹੁਇ,
ਨਿਜ ਘਰਿ ਸਹਜ ਸਮਾਧਿ ਲਿਵ ਲਾਗੀ ਹੈ ॥
ਚਰਨ ਕਮਲ ਮਕਰੰਦ ਰਸ ਲੁਭਤਿ ਹੁਇ,
ਗੁਰਮਤਿ ਰਿਦੇ ਜ਼ਗਮਗ ਜਤਿ ਜਾਗੀ ਹੈ ॥
ਚਰਨ ਕਮਲ ਮਕਰੰਦ ਰਸ ਲੁਭਿਤ ਹੁਇ,
ਅੰਮ੍ਰਿਤ ਨਿਧਾਨ ਪਾਨਿ ਦੁਰਮਤਿ ਭਾਗੀ ਹੈ ॥
ਚਰਨ ਕਮਲ ਮਕਰੰਦ ਰਸ ਲੁਭਤ ਹੁਇ,
ਮਾਯਾ ਮੈ ਉਦਾਸ ਬਾਸ ਬਿਰਲੋ ਬੈਰਾਗੀ ਹੈ ॥੩੪॥੬੮॥

**ਪਦ ਅਰਥ** : ਮਕਰੰਦ—ਫੁਲਾਂ ਅੰਦਰ ਸਮਾਈ ਸੁਗੰਧੀ ਦਾ ਰਸ, ਧੂੜੀ। ਲੁਭਿਤ ਹੋਇ—ਲੁਭਾਇਮਾਨ ਹੋ ਕੇ। ਨਿਜ ਘਰਿ—ਆਤਮ ਸਰੂਪ। ਸਹਜ ਸਮਾਧਿ -ਸੁਖ ਸ਼ਾਂਤੀ ਵਾਲੀ ਅਵਸਥਾ ਵਿਚ ਲਗੀ ਸਮਾਧੀ। ਜਗਮਗ ਜਾਗੀ ਹੈ—ਪ੍ਰਕਾਸ਼ਮਾਨ ਹੋ ਜਾਂਦੀ ਹੈ। ਨਿਧਾਨ—ਖ਼ਜ਼ਾਨਾ, ਭੰਡਾਰ। ਪਾਨਿ—ਪੀਣਾ। ਦੁਰਮਤਿ-ਮਲੀਨ ਬੁਧੀ, ਖੋਟੀ ਮਤਿ। ਮਾਯਾ ਮੈ ਉਦਾਸ—ਮਾਇਕ ਧੰਧਿਆਂ ਵਿਚ ਵਿਚਰਦਿਆਂ ਹੋਇਆਂ ਉਨ੍ਹਾਂ ਤੋਂ ਨਿਰਲੇਪ। ਬਾਸ—ਵਾਸਾ। ਬੈਰਾਗੀ—ਮਾਇਕ ਪਦਾਰਥਾਂ ਤੋਂ ਨਿਰਮੋਹ।

**ਅਰਥ** : ਸਤਿਗੁਰੂ ਦੇ ਚਰਨ-ਕਮਲਾਂ ਦੀ ਧੂੜੀ ਵਿਚ ਸਮਾਇਆ, (ਨਾਮ-ਰਸ ਦੇ ਅਨੰਦ ਵਿਚ ਲੁਭਾਇਮਾਨ ਹੋਇਆ ਗੁਰਸਿਖ) ਨਿਜ ਆਤਮ ਸਰੂਪ ਵਿਚ ਟਿਕਿਆ ਰਹਿੰਦਾ ਹੈ ਅਤੇ ਉਸ ਦੀ ਸਹਜ ਸਮਾਧੀ ਲਗੀ ਰਹਿੰਦੀ ਹੈ।

ਸਤਿਗੁਰੂ ਦੇ ਚਰਨ-ਕਮਲਾਂ ਦੀ ਧੂੜੀ ਵਿਚ ਸਮਾਏ(ਨਾਮ-ਰਸ ਦੇ ਅਨੰਦ ਵਿਚ ਲੁਭਾਇਮਾਨ ਹੋਏ (ਗੁਰਸਿਖ ਦੇ ਹਿਰਦੇ ਵਿਚ ਗੁਰੂ ਦੀ ਮਤਿ ਆ ਨਿਵਾਸ ਕਰਦੀ ਹੈ ਅਤੇ ਉਸ ਦੇ ਅੰਤਰ-ਆਤਮੇ ਨਾਮ-ਸਿਮਰਨ ਦੀ ਤੁਫ਼ੈਲ, ਪ੍ਰਭੂ ਦੇ ਅਲੌਕਿਕ ਸਰੂਪ ਦੀ ਦਿਬ ਜੋਤੀ ਪ੍ਰਕਾਸ਼ਮਾਨ ਹੋ ਜਾਂਦੀ ਹੈ।

ਸਤਿਗੁਰੂ ਦੇ ਚਰਨ-ਕਮਲਾਂ ਦੀ ਧੂੜੀ ਵਿਚ ਸਮਾਇਆ (ਨਾਮ-ਰਸ ਦੇ ਅਨੰਦ ਵਿਚ ਲੁਭਾਇਮਾਨ ਹੋਇਆ ਗੁਰਸਿਖ) ਨਾਮ-ਅੰਮ੍ਰਿਤ ਦੇ ਮਹਾਨ ਭੰਡਾਰ ਨੂੰ ਪੀਂਦਾ ਰਹਿੰਦਾ ਹੈ, ਜਿਸ ਕਰਕੇ ਉਸ ਦੀ ਮਲੀਨ ਬੁਧੀ ਨਾਸ਼ ਹੋ ਜਾਂਦੀ ਹੈ।

ਸਤਿਗੁਰੂ ਦੇ ਚਰਨ-ਕਮਲਾਂ ਦੀ ਧੂੜੀ ਵਿਚ ਸਮਾਇਆ (ਨਾਮ-ਰਸ ਦੇ ਅਨੰਦ ਵਿਚ ਲੁਭਾਇਮਾਨ ਹੋਇਆ ਗੁਰਸਿਖ) ਮਾਇਆ ਵਿਚ ਰਹਿੰਦਾ ਹੋਇਆ, ਉਸ ਤੋਂ ਨਿਰਲੇਪ ਰਹਿੰਦਾ ਹੈ। ਉਸ ਵਰਗਾ ਕੋਈ ਵਿਰਲਾ ਹੀ ਮਾਇਕ ਪਦਾਰਥਾਂ ਤੋਂ ਨਿਰਮੋਹ ਬੈਰਾਗੀ ਹੁੰਦਾ ਹੈ।੩੪।੬੮।

ਜੈਸ ਨਾਉ ਬੂਡਤ ਸ ਜੋਊ ਬਚੈ ਸੋਈ ਭਲੋ,
ਬੂਡ ਗਏ ਪਾਛੈ ਪਛਤਾਇਓ ਰਹਿ ਜਾਤ ਹੈ ॥
ਜੈਸੇ ਘਰ ਲਾਗੈ ਆਗ ਜੋਈ ਬਚੈ ਸਈ ਭਲੋ,
ਜਰਿ ਬੁਝੈ ਪਾਛੈ ਕਛੂ ਬਸੁ ਨ ਬਸਾਤ ਹੈ ॥
ਜੈਸੇ ਚੋਰ ਲਾਗੇ ਜਾਗੇ ਜੋਈ ਰਹੈ ਸੋਈ ਭਲੋ,
ਸੋਇ ਗਏ ਰੀਤੋ ਘਰੁ ਦੇਖੈ ਉਠਿ ਪ੍ਰਾਤ ਹੈ ॥
ਤੈਸੇ ਅੰਤ ਕਾਲ ਗੁਰ ਚਰਨ ਸਰਨ ਆਵੈ,
ਪਾਵੈ ਮੋਖ ਪਦਵੀ ਨਤਰ ਬਿਲਲਾਤ ਹੈ ॥੩੫॥੬੯॥


www.AKJ.Org

**ਪਦ ਅਰਥ** : ਨਾਉ—ਬੇੜੀ। ਬੂਡਤ—ਡੁਬਦੀ। ਜਰਿ ਬੁਝੈ—ਸੜ ਕੇ ਬੁਝਣ ਤੇ। ਕਛੁ ਬਸੁ ਨ ਬਸਾਤ ਹੈ—ਕੋਈ ਵਸ ਨਹੀਂ ਚਲਦਾ, ਕੋਈ ਚਾਰਾ ਨਹੀਂ ਹੋ ਸਕਦਾ । ਰੀਤੋ—ਖ਼ਾਲੀ । ਪ੍ਰਾਤ—ਸਵੇਰੇ। ਮੋਖ ਪਦਵੀ—ਮੁਕਤ ਪਦ। ਨਤਰ—ਨਹੀਂ ਤਾਂ। ਬਿਲਲਾਤ—ਰੋਂਦਾ ਕੁਰਲਾਂਦਾ।

**ਅਰਥ** : ਜਿਵੇਂ ਡੁਬ ਰਹੀ ਬੇੜੀ ਵਿਚੋਂ ਜੋ ਬਚ ਜਾਵੇ, ਉਹ ਭਲਾ ਹੈ, (ਨਹੀਂ ਤਾਂ) ਡੁਬ ਜਾਣ ਪਿਛੋਂ ਪਛਤਾਵਾ ਹੀ ਰਹਿ ਜਾਂਦਾ ਹੈ।

ਜਿਵੇਂ ਘਰ ਨੂੰ ਅੱਗ ਲਗ ਜਾਵੇ ਤਾਂ (ਉਸ ਵਿਚੋਂ) ਜੋ ਬਚ ਸਕੇ, ਉਹੀ ਚੰਗਾ ਹੈ, (ਨਹੀਂ ਤਾਂ) ਸੜ ਕੇ ਬੁਝਣ ਪਿਛੋਂ ਕੋਈ ਚਾਰਾ ਨਹੀਂ ਚਲ ਸਕਦਾ।

ਜਿਵੇਂ ਚੋਰ ਦੇ ਚੋਰੀ ਕਰਦਿਆਂ ਜਾਗ ਪਈਏ ਤਾਂ ਜੋ ਕੁਝ ਵੀ ਬਾਕੀ ਰਹਿ ਜਾਏ, ਉਹੋ ਭਲਾ ਹੈ, (ਨਹੀਂ ਤਾਂ) ਸੁੱਤੇ ਰਹਿਆਂ ਸਵੇਰੇ ਜਾਗ ਕੇ ਖ਼ਾਲੀ ਘਰ ਹੀ ਵੇਖੀਦਾ ਹੈ।

ਇਸੇ ਤਰ੍ਹਾਂ (ਗੁਰਸਿਖ) ਜੇ ਅੰਤ ਸਮੇਂ ਵੀ ਗੁਰ ਚਰਨਾਂ ਦੀ ਸ਼ਰਨ ਆ ਜਾਂਦਾ ਹੈ, (ਭਾਵ, ਸਤਿਗੁਰੂ ਤੋਂ ਉਹ ਗੁਰ-ਦੀਖਿਆ ਪ੍ਰਾਪਤ ਕਰ ਲੈਂਦਾ ਹੈ ਤਾਂ) ਉਹ ਸੰਸਾਰ-ਸਾਗਰ ਤੋਂ ਤਰ ਜਾਣ ਵਾਲੀ ਪਦਵੀ ਪ੍ਰਾਪਤ ਕਰ ਲੈਂਦਾ ਹੈ, ਨਹੀਂ ਤਾਂ ਉਹ ਰੋਂਦਾ ਕੁਰਲਾਂਦਾ ਹੀ ਜਾਂਦਾ ਹੈ।੩੫੯।

**ਅੰਤ ਕਾਲ ਏਕ ਘਰੀ ਨਿਗ੍ਰਹ ਕੈ ਸਤੀ ਹੋਇ,**
**ਧੰਨ ਧੰਨ ਕਹਿਤ ਹੈ ਸਕਲ ਸੰਸਾਰ ਜੀ॥**
**ਅੰਤ ਕਾਲ ਏਕ ਘਰੀ ਨਿਗ੍ਰਹ ਕੈ ਜੋਧਾ ਜੂਝੈ,**
**ਇਤ ਉਤ ਜਤ ਕਤ ਹੋਤ ਜੈ ਜੈਕਾਰ ਜੀ॥**
**ਅੰਤ ਕਾਲ ਏਕ ਘਰੀ ਨਿਗ੍ਰਹ ਕੈ ਚੋਰ ਮਰੈ,**
**ਫਾਸੀ ਕੈ ਸੂਰੀ ਚਢਾਏ ਜਗ ਮੈ ਧਿਕਾਰ ਜੀ॥**
**ਤੈਸੇ ਦੁਰਮਤਿ ਗੁਰਮਤਿ ਕੈ ਅਸਾਧੁ ਸਾਧੁ,**
**ਸੰਗਤ ਸੁਭਾਵ ਗਤਿ ਮਾਨਸ ਅੌਤਾਰ ਜੀ॥੩੬੦॥**

**ਪਦ ਅਰਥ** : ਨਿਗ੍ਰਹ ਕੈ-ਰੋਕਣ ਲਈ, ਕਾਬੂ ਕਰਨ ਨਾਲ, ਹੱਠ ਕਰਨ ਨਾਲ। ਸਤੀ—ਮਰੇ ਪਤੀ ਦੀ ਬਲਦੀ ਚਿਖਾ ਵਿਚ ਸੜ ਮਰਨ ਵਾਲੀ ਇਸਤ੍ਰੀ। ਜੂਝੈ—ਲੜ ਮਰਨਾ, ਸ਼ਹੀਦ ਹੋ ਜਾਣਾ। ਇਤ ਉਤ—ਇਥੇ ਉਥੇ। ਜਤ ਕਤ—ਜਿਥੇ ਕਿਥੇ। ਨਿਗ੍ਰਹ—ਹੱਠ। ਸੂਰੀ—ਸੂਲੀ । ਧਿਕਾਰ—ਫਿਟਕਾਰ । ਦੁਰਮਤਿ—ਖੋਟੀ ਮਤਿ। ਅਸਾਧੁ—ਬੁਰਾ, ਖੋਟਾ, ਦੁਸ਼ਟ ਪੁਰਸ਼। ਸਾਧੁ—ਭਲਾ ਪੁਰਸ਼। ਮਾਨਸ ਅੌਤਾਰ—ਮਨੁਖਾ ਜਨਮ।

**ਅਰਥ** : (ਜਿਵੇਂ ਇਸਤ੍ਰੀ ਜੀਵਨ ਦੇ) ਅੰਤ ਸਮੇਂ ਇਕ ਘੜੀ ਲਈ ਆਪਣੇ ਆਪੇ ਨੂੰ ਕਾਬੂ ਕਰ ਕੇ (ਆਪਣੇ ਮਰੇ ਪਤੀ ਦੀ ਬਲਦੀ ਚਿਖਾ ਵਿਚ ਪੈ ਕੇ)ਸਤੀ ਹੋ ਜਾਂਦੀ ਹੈ, ਤਾਂ ਸਾਰਾ ਸੰਸਾਰ ਉਸ ਦੀ ਸੋਭਾ ਕਰਦਾ ਹੈ।

(ਜਿਵੇਂ) ਸੂਰਬੀਰ ਜੋਧਾ ਅੰਤ ਸਮੇਂ ਇਕ ਘੜੀ ਲਈ ਆਪਣੇ ਆਪ ਤੇ ਕਾਬੂ ਪਾ ਕੇ (ਲੜਦਿਆਂ ਲੜਦਿਆਂ) ਸ਼ਹੀਦ ਹੋ ਜਾਦਾ ਹੈ ਤਾਂ ਇਥੇ ਉਥੇ ਜਿਥੇ ਕਿਥੇ, ਸਭ ਥਾਈਂ ਉਸ ਦੀ ਜੈ ਜੈਕਾਰ ਹੁੰਦੀ ਹੈ।

(ਇਸ ਦੇ ਉਲਟ ਜਿਵੇਂ) ਚੋਰ ਘੜੀ ਦੀ ਘੜੀ ਲਈ ਚੋਰੀ ਕਰਨ ਲਈ ਹੱਠ ਕਰਦਾ ਹੈ ਤਾਂ ਉਹ ਫਾਂਸੀ ਦਿਤਾ ਜਾਂਦਾ ਹੈ ਜਾਂ ਸੂਲੀ ਚੜ੍ਹ ਕੇ ਮਰਦਾ ਹੈ ਅਤੇ ਸੰਸਾਰ ਵਿਚ ਫਿਟਕਾਰਾਂ ਪੈਂਦੀਆਂ ਹਨ।

ਇਸੇ ਤਰ੍ਹਾਂ ਖੋਟੀ ਮਤਿ ਦੇ ਕਾਰਨ ਬੁਰਾ ਬਣੀਦਾ ਹੈ ਅਤੇ ਗੁਰੂ ਦੀ ਮਤਿ ਧਾਰਨ ਕੀਤਿਆਂ ਭਲਾ ਪੁਰਸ਼ ਹੋਈਦਾ ਹੈ। ਸੰਗਤ ਦੇ ਵਰਤਾਉ ਅਨੁਸਾਰ ਹੀ ਮਨੁਖਾ ਜਨਮ (ਸਫਲਾ ਜਾਂ ਅਸਫਲਾ) ਹੁੰਦਾ ਹੈ।੩੬੦।

**ਆਦਿ ਕੈ ਅਨਾਦਿ ਅਰੁ ਅੰਤ ਕੈ ਅਨੰਤ ਅਤਿ,**
**ਪਾਰ ਕੈ ਅਪਾਰ ਨ ਅਥਾਹ ਥਾਹ ਪਾਈ ਹੈ॥**

ਮਿਤਿ ਕੈ ਅਮਿਤਿ ਅਰੁ ਸੰਖ ਕੈ ਅਸੰਖ ਪੁਨ,
ਲੱਖ ਕੈ ਅਲੇਖ, ਨਹੀਂ ਤੋਲ ਕੈ ਤੁਲਾਈ ਹੈ॥
ਅਰਧ ਉਰਧ ਪਰਜੰਤ ਕੈ ਅਪਾਰਜੰਤ,
ਅਗਮ ਅਗੋਚਰ, ਨ ਮੋਲ ਕੈ ਮੁਲਾਈ ਹੈ॥
ਪਰਮਦਭੁਤ ਅਸਚਰਜ ਬਿਸਮ ਅਤਿ,
ਅਬਿਗਤਿ ਗਤਿ ਸਤਿਗੁਰੁ ਕੀ ਬਡਾਈ ਹੈ ॥੩੭॥੭੧॥

**ਪਦ ਅਰਥ** : ਆਦਿ–ਮੁਢ, ਅਰੰਭ, ਪਹਿਲਾ । ਅਨਾਦਿ–ਆਦਿ ਤੋਂ ਪਰੇ। ਅਨੰਤ–ਅੰਤ ਤੋਂ ਪਰੇ। ਅਤਿ–ਬਹੁਤ। ਅਪਾਰ–ਪਾਰ ਤੋਂ ਪਰੇ। ਅਥਾਹ–ਜਿਸ ਦੀ ਡੂੰਘਾਈ ਨਾ ਜਾਣੀ ਜਾ ਸਕੇ। ਥਾਹ–ਡੂੰਘਾਈ ਦਾ ਅੰਤ। ਮਿਤਿ– ਮਿਣਤੀ। ਅਮਿਤਿ–ਅਮਾਪ। ਸੰਖ–ਸੰਖਿਆ, ਗਿਣਤੀ । ਅਸੰਖ–ਗਿਣਤੀ ਤੋਂ ਪਰੇ। ਅਲੇਖ–ਲੇਖੇ ਤੋਂ ਪਰੇ। ਤੁਲਾਈ–ਤੋਲਣ ਵਿਚ । ਅਰਧ ਉਰਧ–ਹੇਠਾਂ ਉਤੇ। ਪਰਜੰਤ–ਅੰਤਮ ਸੀਮਾ। ਅਪਾਰਜੰਤ–ਅਪ੍ਰਜੰਤ, ਅਸੀਮ, ਬੇਓੜਕ। ਅਗਮ–ਅਪਹੁੰਚ। ਅਗੋਚਰ–ਇੰਦਰਿਆਂ ਦੀ ਪਕੜ ਤੋਂ ਪਰੇ। ਮੁਲਾਈ–ਮੁਲਾਈ ਪਾਉਣ ਵਿਚ। ਪਰਮਦਭੁਤ–ਪਰਮ ਅਦਭੁਤ, ਬਹੁਤ ਹੀ ਅਸਚਰਜ। ਬਿਸਮ ਅਤਿ–ਬਹੁਤ ਹੀ ਅਚੰਭਾ ਕਰ ਦੇਣ ਵਾਲਾ। ਅਬਿਗਤਿ–ਨਾ ਨਾਸ਼ ਹੋਣ ਵਾਲਾ, ਅਬਿਨਾਸ਼ੀ ਵਾਹਿਗੁਰੂ । ਗਤਿ–ਵਾਂਗ।

ਨੋਟ : ਇਸ ਕਬਿੱਤ ਦੇ ਅਰਥ ਕਰਨ ਲਈ ਆਖ਼ਰੀ ਤੁਕ ਦੇ ਪਿਛਲੇ ਅੱਧ ਤੋਂ ਅਰੰਭ ਕਰ ਕੇ,ਭਾਵ ਨਿਖਰਦਾ ਹੈ— (ਅਬਿਗਤਿ) ਅਬਿਨਾਸ਼ੀ ਵਾਹਿਗੁਰੂ ਵਾਂਗ ਹੀ ਸਤਿਗੁਰੂ ਦੀ ਵਡਿਆਈ ਹੈ।

**ਅਰਥ** (ਜਿਵੇਂ) ਆਦਿ ਕਰਕੇ ਅਬਿਨਾਸ਼ੀ ਵਾਹਿਗੁਰੂ ਆਦਿ ਤੋਂ ਪਰੇ ਹੈ, ਅੰਤ ਕਰਕੇ ਅੰਤ ਤੋਂ ਪਰੇ ਹੈ, ਉਸ ਦੇ ਦੂਜੇ ਸਿਰੇ ਦਾ ਪਾਰ ਲਭਣ ਲਈ ਉਹ ਅਪਾਰ ਹੈ ਅਤੇ ਉਸ ਦੀ ਡੂੰਘਾਈ ਜਾਣਨ ਲਈ ਉਹ ਅਥਾਹ ਹੈ (ਇਉਂ ਹੀ ਉਸ ਵਾਹਿਗੁਰੂ ਵਾਂਗ ਸਤਿਗੁਰੂ ਦੀ ਵਡਿਆਈ ਹੈ)।

(ਜਿਵੇਂ) ਅਬਿਨਾਸ਼ੀ ਵਾਹਿਗੁਰੂ ਮਿਣਤੀ ਵਲੋਂ ਅਮਾਪ ਹੈ, ਗਿਣਤੀ ਵਲੋਂ ਬੇਗਿਣਤ ਹੈ, ਲੇਖਿਆਂ ਵਲੋਂ ਅਲੇਖ ਹੈ ਅਤੇ ਤੋਲਣ ਵਲੋਂ ਉਹ ਤੋਲਿਆ ਨਹੀਂ ਜਾ ਸਕਦਾ (ਇਵੇਂ ਉਸ ਵਾਹਿਗੁਰੂ ਵਾਂਗ ਸਤਿਗੁਰੂ ਦੀ ਵਡਿਆਈ ਹੈ)।

(ਜਿਵੇਂ) ਵਾਹਿਗੁਰੂ ਦੀ ਹੇਠਾਂ ਉਪਰ ਦੀ ਸੀਮਾ ਜਾਨਣ ਲਈ ਉਹ ਅਸੀਮ ਹੈ, ਅਪਹੁੰਚ ਹੈ, ਇੰਦਰਿਆਂ ਦੀ ਪਕੜ ਤੋਂ ਪਰੇ ਹੈ ਅਤੇ ਮੁੱਲ ਪਾਉਣ ਵਲੋਂ ਉਸ ਦਾ ਮੁੱਲ ਨਹੀਂ ਪੈ ਸਕਦਾ (ਇਵੇਂ ਹੀ ਵਾਹਿਗੁਰੂ ਵਾਂਗ ਸਤਿਗੁਰੂ ਦੀ ਵਡਿਆਈ ਹੈ)।

(ਜਿਵੇਂ) ਵਾਹਿਗੁਰੂ ਪਰਮ ਅਦਭੁਤ, ਅਸਚਰਜ, ਅਤੀ ਅਚੰਭਾ ਕਰ ਦੇਣ ਵਾਲਾ ਹੈ, ਇਵੇਂ ਹੀ ਅਬਿਨਾਸ਼ੀ ਵਾਹਿਗੁਰੂ ਵਾਂਗ ਸਤਿਗੁਰੂ ਦੀ ਵਡਿਆਈ ਹੈ ।੩੭।੭੧।

ਚਰਨ ਸਰਨ ਗੁਰ ਤੀਰਥ ਪੁਰਬ ਕੋਟਿ,
ਦੇਵੀ ਦੇਵ ਸੇਵ ਗੁਰ ਚਰਨ ਸਰਨ ਹੈ॥
ਚਰਨ ਸਰਨ ਗੁਰ ਕਾਮਨਾ ਸਫਲ ਫਲ,
ਰਿਧਿ ਸਿਧਿ ਨਿਧਿ ਅਵਤਾਰ ਅਮਰਨ ਹੈ॥
ਚਰਨ ਸਰਨ ਗੁਰ, ਨਾਮ ਨਿਹਕਾਮ ਧਾਮ,
ਭਗਤਿ ਜੁਗਤਿ ਕਰਿ ਤਾਰਨ ਤਰਨ ਹੈ॥
ਚਰਨ ਸਰਨ ਗੁਰ ਮਹਿਮਾ ਅਗਾਧ ਬੋਧ,
ਹਰਨ ਭਰਨ ਗਤਿ ਕਾਰਨ ਕਰਨ ਹੈ ॥੩੮॥੭੨॥


www.AKJ.Org

**ਪਦ ਅਰਥ** : ਪੁਰਬ—ਉਤਸ਼ਵ, ਮਹਾਤਮ, ਫਲ। ਕੋਟਿ—ਕਰੋੜਾਂ। ਕਾਮਨਾ—ਮਨ ਦੀਆਂ ਇੱਛਾਂ। ਰਿਧਿ—ਰਿਧੀਆਂ, ਵਿਭੂਤੀ ਸਪਤਾ। ਸਿਧਿ—ਅਲੌਕਿਕ ਸ਼ਕਤੀ, ਕਰਾਮਾਤਾਂ। ਨਿਧਿ—ਕੁਬੇਰ ਦੇ ਨੌ ਖਜਾਨੇ। ਅਵਤਾਰ ਅਮਰਨ ਹੈ—ਸਦਾ ਲਈ ਮੂਰਤੀਮਾਨ ਹੋ ਜਾਂਦੀਆਂ ਹਨ। ਅਮਰਨ—ਸਦੀਵਕਾਲ ਲਈ। ਨਿਹਕਾਮ—ਨਿਸ਼ਕਾਮ ਭਾਵਨਾ। ਧਾਮ—ਘਰ, ਅਸਥਾਨ। ਤਰਨ ਤਾਰਨ—ਹੋਰਨਾਂ ਨੂੰ ਤਾਰਨ ਦਾ ਵਸੀਲਾ ਬਣਦਾ ਹੈ ਅਤੇ ਆਪ ਤਰਦਾ ਹੈ। ਅਗਾਧ—ਜਿਸ ਦੀ ਥਾਹ ਨਾ ਪਾਈ ਜਾ ਸਕੀ। ਬੋਧ ਗਿਆਨ, ਸੋਝੀ, ਸਮਝ। ਹਰਨ—(ਖੋਟੇ ਕਰਮਾਂ ਨੂੰ) ਨਾਸ ਕਰਨ ਵਾਲੀ। ਭਰਨ—(ਸ਼ੁਭ ਗੁਣਾਂ ਦੀ) ਪ੍ਰਗਟਾਉਣ ਵਾਲੀ। ਕਾਰਨ ਕਰਨ—ਕਾਰਨ ਦਾ ਕਰਨ ਵਾਲਾ, ਜਗਤ ਦਾ ਰਚਣਹਾਰ। ਗਤਿ—ਵਾਂਗ।

**ਅਰਥ** : ਕਰੋੜਾਂ ਤੀਰਥਾਂ ਦੇ ਫਲ ਸਤਿਗੁਰੂ ਦੇ ਚਰਨਾਂ ਦੀ ਓਟ ਲੈਣ ਵਿਚ ਹਨ ਅਤੇ (ਕਰੋੜਾਂ) ਦੇਵੀ-ਦੇਵਤਿਆਂ ਦੀ ਸੇਵਾ ਦੇ ਮਹਾਤਮ ਸਤਿਗੁਰੂ ਦੇ ਚਰਨਾ ਦੀ ਸ਼ਰਨ ਵਿਚ ਹਨ।

ਸਤਿਗੁਰੂ ਦੀ ਚਰਨ ਸ਼ਰਨ ਵਿਚ ਸਭ ਕਾਮਨਾਂ ਸਫਲ ਹੋ ਕੇ ਫਲਦੀਆਂ ਹਨ ਅਤੇ ਰਿਧੀਆਂ, ਸਿਧੀਆਂ, ਨਿਧੀਆਂ ਮੂਰਤੀਮਾਨ ਹੋ ਕੇ ਸਦਾ ਲਈ ਹਾਜ਼ਰ ਰਹਿੰਦੀਆਂ ਹਨ।

ਸਤਿਗੁਰੂ ਦੀ ਚਰਨ ਸ਼ਰਨ ਲੈਣ ਵਾਲੇ ਲਈ ਨਿਸ਼ਕਾਮ ਭਾਵਨਾ ਸਹਿਤ ਅਰਾਧਿਆ ਨਾਮ-ਸਿਮਰਨ ਹੀ ਸਾਰੇ ਸੁਖਾਂ ਦਾ ਅਸਥਾਨ ਹੈ ਅਤੇ ਗੁਰਸਿਖ ਨਾਮ-ਭਗਤੀ ਦੀ ਜੁਗਤੀ ਵਿਚ ਜੁਟ ਕੇ ਆਪ ਤਰਦਾ ਹੈ ਅਤੇ ਹੋਰਨਾਂ ਨੂੰ ਤਾਰਨ ਦਾ ਵਸੀਲਾ ਬਣਦਾ ਹੈ।

ਸਤਿਗੁਰੂ ਦੇ ਚਰਨਾ ਦੀ ਸ਼ਰਨ ਲੈਣ ਦੀ ਮਹਿਮਾ ਸੋਝੀ ਤੋਂ ਪਰੇ ਹੈ, ਜੋ ਜਗਤ ਦੇ ਰਚਣਹਾਰ ਪ੍ਰਭੂ ਵਾਂਗ ਖੋਟੇ ਕਰਮਾਂ ਨੂੰ ਨਾਸ ਕਰਨਹਾਰੀ ਅਤੇ ਸ਼ੁਭ ਗੁਣਾਂ ਨੂੰ ਪ੍ਰਗਟਾਉਣਹਾਰੀ ਹੈ।੩੮।੭੨।

---

# ਅੰਮ੍ਰਿਤ ਛਕਣ ਦਾ ਚਮਤਕਾਰ

ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ॥
ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ ॥੧॥੧॥

[ਜੈਤਸਰੀ ਮ. ੪. ਪੰਨਾ ੬੯੬

ਇਹ ਪਰਤੱਖ ਹਡ-ਬੀਤਿਆ ਚਮਤਕਾਰਾ ਹੈ ਕਿ ਅੰਮ੍ਰਿਤ ਛਕਣ ਸਮੇਂ ਜਿਨ੍ਹਾਂ ਜਿਨ੍ਹਾਂ ਗੁਰ-ਦੀਖਿਆ ਅਧਿਕਾਰੀ ਜਨਾਂ ਦੇ ਮਸਤਕਾਂ ਤੇ ਗੁਰ-ਦੀਖਿਆ ਦੇਣ ਸਮੇਂ ਅੰਮ੍ਰਿਤ ਸੰਚਾਰੇ ਛੱਟੇ ਸਿੰਚਣ ਸਮੇਂ ਗੁਰੂ ਸਰੂਪ ਪੰਜਾਂ ਪਿਆਰਿਆਂ ਦੇ ਕਰ-ਕਮਲ ਸਪਰਸ਼ਤ ਹੁੰਦੇ ਹਨ, ਤਿਨ੍ਹਾਂ ਦੇ ਨਾਮ-ਅਭਿਆਸ ਤੋਰੇ ਤੁਰਤੋ-ਫੁਰਤੀ ਹੀ ਤੁਰ ਪੈਂਦੇ ਹਨ। ਓਹਨਾਂ ਦੇ ਤੇ ਤੇ ਹਿਰਦੇ ਦੀਆਂ ਡੂੰਘਾਈਆਂ ਅੰਦਰਿ ਗੁਰ ਮੰਤ੍ਰ ਗੁਰਮਤਿ ਨਾਮ ਇਕ ਜੋਤਿ-ਬਿਜਲਾਣੀ ਕਲਾ ਦੁਆਰਾ ਜਾਇ ਧਸਦਾ ਰਸਦਾ ਅਤੇ ਜੋਤਿ ਵਿਗੱਸਦਾ ਹੈ। ਤਿਨ੍ਹਾਂ ਅਭਿਆਸੀ ਜਨਾਂ ਦਾ ਜੀਵਨ ਹਾਂ ਨਵ-ਜਨਮਾ ਅੰਮ੍ਰਿਤਾ-ਜੀਵਨ ਹੋ ਜਾਂਦਾ ਹੈ। ਤਿਨ੍ਹਾਂ ਦੇ ਜਨਮਾਂ ਜਨਮਾਂ ਦੇ ਕਮਾਤੇ ਬਿਕਟ ਪਾਪ ਦੋਖ ਰੋਗ ਕਿਲਵਿਖ ਸਭੇ ਇਕ ਖਿਨ ਵਿਚ ਲਹਿ ਜਾਂਦੇ ਹਨ, ਉਤਰ ਜਾਂਦੇ ਹਨ। ਤਿਨ੍ਹਾਂ ਦੇ ਪਾਪ ਕਰਮਾਂ ਤੋਂ ਉਪੰਨੇ ਅਗੇ ਨੂੰ ਭੁਗਤਣ ਵਾਲੇ ਕਰਮ ਅੰਕੂਰੀ ਕਰਜ਼ ਭੀ ਸਾਰੇ ਉਤਰ ਜਾਂਦੇ ਹਨ। ਤਿਨ੍ਹਾ ਦੇ ਪੂਰਬਲੇ ਕਰਮਾਂ ਦਾ ਕੋਈ ਕਰਜ਼ਾ ਬਾਕੀ ਨਹੀਂ ਰਹਿੰਦਾ। ਐਸਾ ਹੈ ਫ਼ੈਜ਼ ਪਰਧਾਨ ਕਰਮ ਨਾਮ ਰੂਪੀ ਅਭਿਆਸ ਕਮਾਈ ਵਾਲਾ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ 'ਗੁਰਮਤਿ ਕਰਮ ਫ਼ਿਲਾਸਫ਼ੀ' ਵਿਚੋਂ



www.AKJ.Org

# ਸ੍ਰਵਣ ਸ੍ਰੋਤ ਰਜੇ ਗੁਰਬਾਣੀ

[ਪ੍ਰਿੰਸੀਪਲ ਸੱਜਣ ਸਿੰਘ ਜੀ, 618-ਗੋਬਿੰਦਪੁਰੀ, ਨਵੀਂ ਦਿਲੀ-19]

ਨਿਰਸੰਦੇਹ ਸਾਰੇ ਗਿਆਨ-ਇੰਦਰੇ ਗਿਆਨ ਪ੍ਰਾਪਤੀ ਦੇ ਸਾਧਨ ਹਨ, ਪਰ ਇਨ੍ਹਾਂ ਵਿਚੋਂ ਕੁਝ ਐਸੇ ਵੀ ਹਨ ਜਿਹੜੇ ਸਰੀਰ ਦੀ ਦਸ਼ਾ ਤੇ ਮਨ ਦੀ ਅਵਸਥਾ ਨੂੰ ਭਲੀ ਭਾਂਤ ਪ੍ਰਗਟਾਉਣ ਦੀ ਭੂਮਿਕਾ ਨਿਭਾਉਂਦੇ ਹਨ। ਬੁਢਾਪੇ ਜਾ ਕਿਸੇ ਖ਼ਾਸ ਰੋਗ ਜਾਂ ਖੁਸ਼ੀ-ਗਮੀ ਦੀ ਭਾਵਨਾ ਦਾ ਗਿਆਨ ਕਈ ਵਾਰ ਸਹਿਜ ਸੁਭਾ ਹੀ ਹੋ ਜਾਂਦਾ ਹੈ। ਸੁਜਾਨਵੈਦ, ਨਾੜੀ ਦੀ ਛੁਹ ਸਰੀਰ ਦੇ ਰੂਪ ਰੰਗ, ਅੱਖਾਂ ਤੇ ਜਿਹਬਾ ਦੇ ਨਿਰੀਖਣ ਦੁਆਰਾ ਰੋਗੀ ਦੇ ਰੋਗ ਦੀ ਜਾਣਕਾਰੀ ਹੀ ਕਰ ਸਕਦਾ ਹੈ। ਬੇਚਾਰੇ ਕੰਨ ਕੇਵਲ ਧੁਨੀ ਸੁਣ ਕੇ ਦਿਮਾਗ ਤੱਕ ਸੰਦੇਸ਼ ਪਹੁੰਚਾਉਂਦੇ ਹਨ, ਪ੍ਰੰਤੂ ਮਾਨਸਕ ਹਾਵ ਭਾਵ ਨੂੰ ਆਮ ਤੌਰ ਤੇ ਪ੍ਰਗਟਾਉਣ ਤੋਂ ਅਸਮਰੱਥ ਹਨ।

ਇਨਸਾਨ ਦੀ ਖ਼ਸਲਤ ਬਹੁਤ ਗੁੰਝਲਦਾਰ ਹੈ। ਉਹ ਆਪਣੀ ਬੁਰਾਈ ਸੁਣ ਕੇ ਅੱਗ-ਬਗੋਲਾ ਹੋ ਜਾਂਦਾ ਹੈ, ਪਰ ਦੂਸਰੇ ਪੁਰਸ਼ ਦੀ ਨਿੰਦਿਆ ਧਿਆਨ ਨਾਲ ਸੁਣ ਕੇ ਫੁੱਲਦਾ ਨਹੀਂ ਸਮਾਉਂਦਾ। ਸੁਨਣ ਵਾਲਾ ਵੀ ਨਿੰਦਕ ਆਖਿਆ ਗਿਆ ਹੈ, ਜਿਸ ਦੀ ਇਹ ਖਾਸ ਪਛਾਣ ਹੈ ਕਿ ਉਹ ਦੂਸਰੇ ਪੁਰਸ਼ ਦੀਆਂ ਖਾਮੀਆਂ ਤੇ ਊਣਤਾਈਆਂ ਸੁਣ ਕੇ ਬਿਗਸਦਾ ਹੈ।

ਜਉ ਦੇਖੈ ਛਿਦ੍ਰ ਤਉ ਨਿੰਦਕ ਉਮਾਹੈ ਭਲੋ ਦੇਖਿ ਦੁਖ ਭਰੀਐ ॥
ਆਠ ਪਹਰ ਚਿਤਵੈ ਨਹੀ ਪਹੁਚੈ, ਬੁਰਾ ਚਿਤਵਤ ਚਿਤਵਤ ਮਰੀਐ ॥੧॥੯੬॥

(ਬਿਲਾਵਲੁ ਮਹਲਾ ੫-(੮੨੩)

ਇਹ ਸੰਭਵ ਹੈ ਕਿ ਗੁਰਸਿੱਖ ਆਪਣੀ ਨਿੰਦਿਆ ਖਿੜੇ ਮੱਥੇ ਪਰਵਾਨ ਕਰੇ, ਪਰ ਆਪਣੇ ਗੁਰੂ ਦੀ ਨਿੰਦਿਆ ਕਤਈ ਨਹੀਂ ਸੁਣ ਸਕਦਾ। ਇਸਦਾ ਪ੍ਰਤੀਕਰਮ ਨਿੰਦਾ ਦੇ ਸਰੂਪ ਤੇ ਤੀਬਰਤਾ ਅਤੇ ਸਰੋਤੇ ਦੀ ਆਪਣੀ ਨਿੱਜੀ ਸ਼ਕਤੀ ਤੇ ਨਿਰਭਰ ਕਰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੱਤਾ ਤੇ ਬਲਵੰਡ ਦੇ ਅਹੰ-ਮੱਤੇ ਸ਼ਬਦ ਅਥਾਹ ਸਹਿਨ ਸ਼ਕਤੀ ਦੁਆਰਾ ਬਰਦਾਸ਼ਤ ਕੀਤੇ ਹੋਣਗੇ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਾਨ ਪ੍ਰਤੀ ਗੁਸਤਾਖ਼ੀ ਭਰੇ ਸ਼ਬਦ ਨਹੀਂ ਸੁਣ ਸਕੇ। ਸਹਿਜ ਸੁਭਾ ਮੁੱਖ ਤੋਂ ਨਿਕਲੇ ਅਮੋਘ ਬਚਨ "ਇਹ ਹੁਣ ਫਿੱਟ ਗਏ ਹਨ, ਕੋਈ ਗੁਰਸਿੱਖ ਇਨਾਂ ਨੂੰ ਮੂੰਹ ਨ ਲਾਵੇ", ਕਰਨੀ ਵਿਚ ਬਦਲ ਗਏ। ਸਤਿਵਾਦੀ ਸਤਿਗੁਰੂ ਦਾ ਬਚਨ ਪੂਰਾ ਹੋਇਆ ਤੇ ਡੂਮ ਅਸਾਧ ਸਰੀਰਕ ਰੋਗ ਦੇ ਸ਼ਿਕਾਰ ਹੋ ਗਏ। ਡਾਕ੍ਟਰ ਦੇ ਨਸ਼ਤਰ ਵਾਂਗ ਇਹ ਇੱਕ ਸੁਧਾਰਾਤਮਕ ਦੰਡ ਸਿੱਧ ਹੋਇਆ, ਜਿਸ ਨੇ ਡੂਮਾਂ ਨੂੰ ਪਛਤਾਵੇ ਦੀ ਅਗਨੀ ਵਿੱਚ ਸੁੱਟ ਕੇ ਕੁੰਦਨ ਦਾ ਰੂਪ ਦਿੱਤਾ।

ਕਿਸੇ ਵਿਅਕਤੀ ਦੇ ਦੋਸ਼ਾਂ ਨੂੰ ਸਭਯ ਤੇ ਹਮਦਰਦੀ ਭਰੇ ਸ਼ਬਦਾਂ ਵਿੱਚ ਬਿਆਨ ਕਰਨਾ ਨਿੰਦਿਆ ਨਹੀਂ, ਅਸਲੀਅਤ ਦਾ ਪ੍ਰਗਟਾਵਾ ਹੈ। ਇਸ ਦੇ ਵਿਪਰੀਤ ਜੇ ਬਦਨਾਮ ਜਾ ਜ਼ਲੀਲ ਕਰਨ ਦੀ ਕੋਝੀ ਨੀਅਤ ਰੱਖ ਕੇ ਕਿਸੇ ਇਨਸਾਨ ਦੇ ਅਵਗੁਣਾਂ ਨੂੰ ਵਧਾ ਚੜ੍ਹਾ ਕੇ ਦੱਸਿਆ ਜਾਵੇ ਤਾਂ ਇਹ ਘੋਰ ਨਿੰਦਿਆ ਹੈ। ਗੁਰਮੁਖ ਜਨ ਨੇ ਨਿੰਦਿਆ ਤਾਂ ਕੀ ਕਰਨੀ ਹੈ, ਉਹ ਸੁਣਨ ਤੋਂ ਵੀ ਕਰਦਾ ਹੈ। ਜੇ ਕੋਈ ਜੀਵ ਇਖ਼ਲਾਕੀ ਈਮਾਨਦਾਰੀ ਨਾਲ ਅੰਤਰ-ਨਿਰੀਖਣ ਕਰੇ ਤਾਂ ਉਹ ਦੂਸਰਿਆਂ ਦੇ ਐਬ ਤੱਕ ਕੇ ਕਦੇ ਵੀ ਚਿੱਕੜ ਨਹੀਂ ਸੁੱਟੇਗਾ, ਕਿਉਂਕਿ ਆਪਣੇ ਅੰਦਰ ਝਾਤੀ ਮਾਰ ਕੇ ਤੱਕਣ ਵਾਲਾ ਜੀਵ ਕੁਦਰਤੀ ਤੌਰ ਤੇ ਸਹਾਨ ਭੂਤੀ-ਜਨਕ ਰਵੱਈਆ ਇਖ਼ਤਿਆਰ ਕਰਦਾ ਹੈ। ਸ਼ੇਖ ਫਰੀਦ ਜੀ ਫੁਰਮਾਉਂਦੇ ਹਨ :-

ਫਰੀਦਾ ਜੇ ਤੂੰ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥੬॥ (੧੩੭੮)

ਆਪਣੇ ਆਪ ਨੂੰ ਅਵਗੁਣੀ ਭਰਿਆ ਸਰੀਰ ਸਮਝਣਾ, ਮਨ ਬਚਨ ਤੇ ਕਰਮ ਕਰਕੇ ਨਿਮਰਤਾ ਧਾਰਨ ਕਰਨਾ, ਖਿਮਾ ਜੈਸਾ ਦੈਵੀ ਗੁਣ ਗ੍ਰਹਿਣ ਕਰਨਾ, ਇਹ ਸਾਰੀਆਂ ਰੱਬੀ ਸਿਫਤਾਂ ਉਸਤਤਿ ਨਿੰਦਾ ਤੋਂ ਨਿਰਲੇਪ


www.AKJ.Org

ਰਹਿਣ ਲਈ ਬਹੁਤ ਸਹਾਇਕ ਹਨ ।

ਰੀਝ ਤੇ ਸ਼ੌਕ ਨਾਲ ਨਿੰਦ-ਰਸ ਮਾਨਣ ਵਾਲਾ ਪ੍ਰਾਣੀ, ਕਈ ਵਾਰ ਆਪ ਹੀ ਉਨ੍ਹਾਂ ਬੁਰਾਈਆਂ ਦਾ ਸ਼ਿਕਾਰ ਬਣਦਾ ਦੇਖਿਆ ਹੈ । ਗੁਰਬਾਣੀ ਸਾਨੂੰ ਨਿੰਦਾ ਸੁਣਨ ਤੋਂ ਬਾਰ ਬਾਰ ਹੋੜਦੀ ਹੈ–

(੧) ਮਿਥਿਆ ਸ੍ਰਵਨ ਪਰਨਿੰਦਾ ਸੁਨਹਿ ॥੫॥੫॥ (੨੬੯)

(੨) ਸ੍ਰਵਣਿ ਸੋਏ ਸੁਣਿ ਨਿੰਦ ਵੀਚਾਰ ॥੧॥੮੯॥ (੧੮੨)

(੩) ਕਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥੨॥੧੮॥ (੪੭੨)

(੪) ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਸਭ ਤੇ ਜਾਨੈ ਆਪਸ ਕਉ ਮੰਦਾ ॥੧॥੯॥

(ਸੁਖਮਨੀ ਸਾਹਿਬ–੨੭੪)

ਮਾਇਆ ਦੇ ਜ਼ਹਿਰੀਲੇ ਪ੍ਰਭਾਵ ਨੇ ਕੰਨ ਨੂੰ ਵੀ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ । ਮਨ ਦੀ ਬਿਰਤੀ ਨੂੰ ਖਿੰਡਾਉਣ ਵਾਲੇ ਗਾਣ ਤੇ ਕਾਮ ਦੇ ਜਜ਼ਬਾਤ ਉਤੇਜਿਤ ਕਰਨ ਵਾਲੇ ਗੰਦੇ ਗੀਤ ਸੁਣਨ ਦਾ ਕੰਨਾਂ ਨੂੰ ਚਸਕਾ ਹੈ । ਨਿਰਸੰਦੇਹ ਉੱਪਰ ਉੱਠਣ ਲਈ ਰਹਿਨੁਮਾਈ, ਪ੍ਰੇਰਨਾ ਹਿੰਮਤ ਤੇ ਜੁਗਤੀ ਦੀ ਲੋੜ ਅਨੁਭਵ ਹੁੰਦੀ ਹੈ, ਜਦ ਕਿ ਡਿਗਣ ਲਈ ਕਿਸੇ ਵੀ ਉਪਰਾਲੇ ਦੀ ਜ਼ਰੂਰਤ ਨਹੀਂ ਹੁੰਦੀ । ਲਾ-ਪਰਵਾਹੀ ਤੇ ਵਿੱਗਿਆਪਨ ਹੀ ਕਾਫ਼ੀ ਹਨ । ਇਵੇਂ ਹੀ ਪ੍ਰਭੂ-ਉਸਤਤਿ ਦਾ ਸੁਣਨਾ ਬਿਨਾਂ ਵਿਸ਼ੇਸ਼ ਉਦਮ ਦੇ ਨਹੀਂ ਹੁੰਦਾ, ਜਦ ਕਿ ਸਾਡੇ ਕਰਨ ਨਿੰਦਾ, ਚੁਗਲੀ, ਬਿਖੈ ਨਾਦ ਤੇ ਅਸ਼ਲੀਲ ਗਾਣਿਆਂ ਵਲ ਆਪਣੇ ਆਪ, ਬਿਨਾਂ ਰੋਕ-ਟੋਕ ਧਾਉਂਦੇ ਹਨ ।

ਬਿਖੈ ਨਾਦ ਕਰਨ ਸੁਣਿ ਭੀਨਾ ॥ ਹਰਿ ਜਸੁ ਸੁਨਤ ਆਲਸੁ ਮਨਿ ਕੀਨਾ ॥੩॥੮॥

(ਸੂਹੀ ਮਹਲਾ ੫–੭੩੮)

ਮਨ ਤਾਂ ਆਪ ਆਲਸੀ ਹੈ, ਇਹ ਕੰਨਾਂ ਦੀ ਵਾਗ-ਡੋਰ ਕਿਵੇਂ ਸੰਭਾਲੇ ਤੇ ਹੱਕ ਵਲ ਮੋੜੇ । ਕੰਨ ਦੁਨੀਆ ਦੀਆਂ ਨਿਰਾਰਥ ਗੱਲਾਂ ਤਾਂ ਸੁਣਦਾ ਹੈ, ਪਰ ਨਾਮ ਸੁਣਨ ਵੇਲੇ ਇਸ ਦੀ ਐਸੀ ਦਸ਼ਾ ਹੁੰਦੀ ਹੈ ਜਿਵੇਂ ਕਿਸੇ ਸੱਪ ਜਾਂ ਬਿੱਛੂ ਨੇ ਡੰਗ ਮਾਰਿਆ ਹੋਵੇ–

ਕੂੜਿ ਕਪਟਿ ਅਹੰਕਾਰਿ ਰੀਝਾਨਾ ॥ ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥੨॥ ੨॥

(ਰਾਮਕਲੀ ਮਹਲਾ ੫, ਪੰਨਾ ੮੯੨-੯੩)

ਪੰਚਮ ਪਾਤਸ਼ਾਹ ਜਦ ਸਿਰਜਨਹਾਰ ਅੱਗੇ ਅਰਦਾਸ ਕਰਦੇ ਹਨ ਕਿ ਮੇਰੀ ਬਿਰਤੀ ਐਸੀ ਨਿਮਰ-ਭਾਵ ਵਾਲੀ ਬਣ ਜਾਵੇ ਕਿ ਵਾਹਿਗੁਰੂ ਦੀ ਵਡਿਆਈ ਰਿਦ ਵਿਚ ਵੱਸ ਜਾਵੇ ਤੇ ਸੰਸਾਰਕ ਗੰਦੇ ਮੰਦੇ ਗੀਤਾਂ ਦੀ ਥਾਂ ਰੱਬੀ ਉਸਤਤਿ ਵਾਲੇ ਗੀਤ ਗਾਉਂਦੇ ਰਹੀਏ ਤਾਂ ਵਾਸਤਵ ਵਿਚ ਇਹ ਗੁਰਦੇਵ ਜੀ ਦੀ ਆਪਣੀ ਅਵਸਥਾ ਦਾ ਪ੍ਰਗਟਾਵਾ ਨਹੀਂ, ਸਮੁੱਚੇ ਬ੍ਰਹਮੰਡ ਦੀ ਮਾਨਸਕ ਅਵਸਥਾ ਦਾ ਜ਼ਿਕਰ ਹੈ । ਹਜ਼ੂਰ ਤਾਂ ਸਾਰੇ ਜਗਤ ਦੀ ਪ੍ਰਤੀਨਿਧਤਾ ਕਰ ਰਹੇ ਹਨ ਤੇ ਖ਼ਲਕਤ ਨੂੰ ਫ਼ਰਸ਼ੋਂ ਉਠ ਕੇ ਅਰਸ਼ ਤੱਕ ਪਹੁੰਚਣ ਲਈ ਅਰਦਾਸ ਕਰਨੀ ਸਿਖਾ ਰਹੇ ਹਨ । ਹਜ਼ੂਰ ਦਾ ਫੁਰਮਾਨ ਹੈ–

ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥
ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥੧॥ਰਹਾਉ॥੮੧॥

ਅਧਿਆਤਮਕ ਦ੍ਰਿਸ਼ਟੀਕੋਣ ਤੋਂ ਭਾਂਤ ਭਾਂਤ ਦੇ ਰੋਗਾਂ ਨੇ ਸਾਡੇ ਕੰਨ ਨੂੰ ਰੋਗੀ ਤੇ ਬੇਕਾਰ ਬਣਾਇਆ ਹੋਇਆ ਹੈ । ਸਾਤਵਕ ਗੁਣਾਂ ਦੀ ਅਣਹੋਂਦ ਤੇ ਤਾਮਸਕ ਗੁਣਾਂ ਦੀ ਮੌਜੂਦਗੀ ਇਸ ਦਾ ਪਰਤੱਖ ਪਰਮਾਣ ਹੈ ਉਦਾਹਰਣ ਵਜੋਂ–

੧. ਇਸ ਨੂੰ ਬਿਲਕੁਲ ਸੋਝੀ ਨਹੀਂ ਕਿ ਕਿਹੜੀ ਧੁਨੀ ਸੁਣਨ ਲਈ ਮੇਰੀ ਰਚਨਾ ਕੀਤੀ ਗਈ ।
੨. ਮਾਇਆ ਨਾਗਣੀ ਦਾ ਡੱਸਿਆ ਵਿਸ਼ਿਆਂ ਦੀ ਅਗਨੀ ਵਲ ਭੱਜਦਾ ਹੈ ਤੇ ਅੰਮ੍ਰਿਤ ਭਰੇ ਮਿੱਠੇ ਸ਼ਬਦਾਂ ਨੂੰ ਫਿੱਕਾ ਤੇ ਰਸਹੀਨ ਸਮਝਦਾ ਹੈ ।

੩. ਮਿਥਿਆ ਮਾਣ ਵਿੱਚ ਰੱਤਾ ਕੰਨ, ਚੁਗਲਖ਼ੋਰ ਦੀਆ ਮਿੱਠੀਆਂ ਚੁਗਲੀਆਂ ਰਸਦਾਇਕ ਸਮਝਦਾ ਹੈ।

੪. ਏਨਾ ਆਕੀ ਹੈ ਕਿ ਮਨ-ਭਾਉਂਦੇ ਸ਼ਬਦਾਂ ਵਿੱਚ ਖਚਿਤ ਰਹਿਣ ਲਈ ਮਰਿਆਦਾ ਤੇ ਜ਼ਬਤ ਨੂੰ ਭੰਗ ਕਰਦਾ ਤੇ ਬਾਕੀ ਇੰਦਰਿਆਂ ਤੋਂ ਆਪਣੀ ਇੱਛਿਆ ਅਨੁਸਾਰ ਕੰਮ ਕਰਾਉਣ ਦੀ ਸ਼ਕਤੀ ਦਾ ਮਾਲਕ ਵੀ ਹੈ।

੫. ਉਪਦੇਸ਼ ਨਾ ਸੁਣਨ ਦੇ ਰੋਗ ਵਿਚ ਦੈਵੀ ਸਿਖਿਆ ਸੁਣਾਈ ਨਹੀਂ ਦਿੰਦੀ। ਕੰਨ ਬਾਂਸ ਵਾਂਗਰ ਅੰਦਰਹੁ ਖੋਖਲਾ ਹੋ ਕੇ ਗੁਰ-ਸ਼ਬਦ ਨੂੰ ਸਮਾ ਨਹੀਂ ਸਕਦਾ ਤੇ ਹਰੇਕ ਚੰਗੀ ਗੱਲ ਸੁਣੀ ਅਣਸੁਣੀ ਕਰਦਾ ਹੈ। ਭਗਤ ਕਬੀਰ ਦੇ ਇਕ ਸਲੋਕ ਅਨੁਸਾਰ—

ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥੧੫੮॥ (੧੩੭੨)

੬. ਬੇਅੰਤ ਨਾਦ ਸੁਣਨ ਦੇ ਬਾਵਜੂਦ ਕੰਨ ਰੱਜਦਾ ਨਹੀਂ, ਸਦਾ ਅਤ੍ਰਿਪਤ ਰਹਿੰਦਾ ਹੈ।

ਗੁਰਦੇਵ ਜੀ ਨੇ ਤਾਂ ਇਥੋ ਤੱਕ ਫੁਰਮਾਇਆ ਹੈ ਕਿ ਅਕਾਲ ਪੁਰਖ ਨੇ ਮਨੁੱਖਾ ਦੇਹੀ ਦਿੱਤੀ ਹੀ ਇਸ ਲਈ ਹੈ ਕਿ ਉਹ ਇਸ ਕੀਮਤੀ ਅਵਸਰ ਦਾ ਲਾਭ ਉਠਾ ਕੇ ਬਾਣੀ ਪੜ੍ਹੇ, ਗਾਵੇ, ਤੇ ਸੁਣੇ।

ਆਇਓ ਸੁਨਨ ਪੜਨ ਕਉ ਬਾਣੀ ॥
ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ ॥੧॥ਰਹਾਉ॥੭੯॥
(ਸਾਰੰਗ ਮ: ੫—੧੨੧੯)

ਗੁਰੂ ਸਾਹਿਬਾਨ ਦੇ ਕਾਲ ਵਿਚ ਹੀ ਗੁਰੂ-ਘਰ ਦੇ ਦੋਖੀਆਂ ਤੇ ਦ੍ਰੋਹੀਆਂ ਨੇ ਆਪਣੀ ਬਾਣੀ ਰਚ ਕੇ, 'ਨਾਨਕ' ਸ਼ਬਦ ਵਰਤ ਕੇ, ਭੋਲੇ ਭਾਲੇ ਗੁਰਸਿੱਖਾਂ ਨੂੰ ਗੁਮਰਾਹ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਝੂਠ-ਮੁਲੰਮੇ ਤੋਂ ਸਾਵਧਾਨ ਰੱਖਣ ਲਈ ਹਜ਼ੂਰ ਨੇ ਸੱਚੀ ਬਾਣੀ ਤੇ ਕੱਚੀ ਬਾਣੀ ਦਾ ਨਿਰਣਾ ਕਰ ਕੇ ਆਪਣੇ ਪਿਆਰੇ ਗੁਰ-ਸਿੱਖਾਂ ਨੂੰ ਸੁਚੇਤ ਕੀਤਾ। ਜੇ ਸੱਚੀ ਬਾਣੀ ਗਾਉਣ ਦਾ ਉਪਦੇਸ਼ ਦਿੱਤਾ ਤਾਂ ਇਹ ਵੀ ਫੁਰਮਾਇਆ ਕਿ "ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥" (੯੨੦) ਕੱਚੀ ਬਾਣੀ ਗਾਉਣ ਵਾਲੇ ਤੇ ਸੁਣਨ ਵਾਲੇ ਦੋਨੋਂ ਹੀ ਕੱਚੇ ਹਨ!

ਜੇ ਗੁਰਬਾਣੀ ਦੇ ਭਾਵਾਂ ਨਾਲ ਮਿਲਦਾ ਜੁਲਦਾ, ਕੱਚੀ ਬਾਣੀ ਦਾ ਕੀਰਤਨ ਹੋਵੇ ਤਾਂ ਇਸ ਵਿਚ ਤੇ ਗੀਤ ਜਾਂ ਭਜਨ ਵਿਚ ਕੀ ਅੰਤਰ ਰਹਿ ਜਾਂਦਾ ਹੈ। ਕੱਚੀ ਬਾਣੀ ਦੇ ਗਾਵਣ ਵਾਲਿਆਂ ਤੇ ਸੁਣਨ ਵਾਲਿਆਂ ਨੂੰ ਰਸ ਪ੍ਰਾਪਤ ਹੁੰਦਾ ਹੈ ਜਾਂ ਨਹੀਂ, ਗੁਰਮਤਿ ਅਨੁਸਾਰ ਦੋਹਾਂ ਹਾਲਤਾਂ ਵਿੱਚ ਕੱਚਾ ਵਾਪਾਰ ਹੈ ਤੇ ਘਾਟੇ ਦਾ ਸੌਦਾ ਹੈ। ਕੋਈ ਕਿੰਨਾ ਵੀ ਵੱਡਾ ਪੁਰਖ ਹੋਵੇ, ਉਸ ਦੀ ਰਚਨਾ ਗੁਰਬਾਣੀ ਤੁੱਲ ਨਹੀਂ ਹੋ ਸਕਦੀ। ਬਹਿਸ ਦੀ ਲੋੜ ਨਹੀਂ, ਇਕੋ ਦਲੀਲ ਕਾਫ਼ੀ ਹੈ ਕਿ ਸਤਿਗੁਰੂ ਦੀ ਸੱਚੀ ਬਾਣੀ ਨੂੰ ਗੁਰੂ ਦੀ ਪਦਵੀ ਦਾ ਦਰਜਾ ਪ੍ਰਾਪਤ ਹੈ, ਜਦ ਕਿ ਸੰਸਾਰ ਦੀ ਕਿਸੀ ਬਾਣੀ ਨੂੰ ਏਨਾ ਉੱਚਾ ਰੁਤਬਾ ਪ੍ਰਾਪਤ ਨਹੀਂ।

ਕਿਰਤਿ ਕਰਮ ਕੇ ਵੀਛੜੇ ਮਨੁੱਖਾਂ ਨੂੰ, ਅਕਾਲ ਪੁਰਖ ਨੇ ਜੇ ਇਹ ਸੁੰਦਰ ਸਰੀਰ ਤੇ ਸ਼ੋਭਨੀਕ ਕਰਨ ਬਖਸ਼ੇ ਹਨ ਤਾਂ ਉਨ੍ਹਾਂ ਉਪਰ ਸੁੰਦਰ, ਸੁੱਚੇ ਤੇ ਸਾਚੇ ਸ਼ਬਦ ਸ੍ਰਵਣ ਕਰਨ ਦੀ ਜ਼ਿੰਮੇਵਾਰੀ ਵੀ ਲਾਈ ਹੈ। ਗੁਰਦੇਵ ਜੀ ਦਾ ਫੁਰਮਾਨ ਸਪੱਸ਼ਟ ਤੇ ਸੱਤ ਹੈ—

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥੩੭॥ (ਰਾਮਕਲੀ ਮ: ੩ ਅਨੰਦੁ, ੯੨੨)

ਕਿਸੇ ਹੋਰ ਜਾਨਵਰ ਦੇ ਤਨ ਮਨ ਉਤੇ ਇਨ ਬਿਧਿ ਕਲਾ ਨਹੀਂ ਵਰਤਦੀ। ਪਰ ਜੇ ਮਨੁੱਖ ਆਪਣੀ ਜੋਤਿ ਸਰੂਪੀ ਹਸਤੀ ਨੂੰ ਨਾ ਪਛਾਣ ਕੇ ਪਸ਼ੂਆਂ ਤੇ ਜਾਨਵਰਾਂ ਦੇ ਵਰਗ ਵਿਚ ਸ਼ਾਮਲ ਹੋ ਜਾਵੇ ਤਾਂ ਉਸ ਦੇ ਕੰਨਾਂ ਦੀ ਨਾ ਪਿਆਸ ਬੁੱਝੇਗੀ, ਨਾ ਮਨ ਦੀ ਅਡੋਲਤਾ ਕਾਇਮ ਰਹੇਗੀ। ਅਜਿਹਾ ਪੁਰਸ਼—"ਤਿਖਾ ਭੂਖ ਬਹੁ ਤਪਤਿ ਵਿਆਪਿਆ ॥" (੮੦੪) ਕਰੋੜਾਂ ਜਤਨ ਕਰ, ਸਬਰ ਸੰਤੋਖ ਤੋਂ ਸਦਾ ਹੀ ਵਾਂਜਿਆ ਰਹੇਗਾ।

ਭਾਂਤ ਭਾਂਤ ਦੇ ਰਸਾਂ ਕਸਾਂ ਵਿਚ ਗਲਤਾਨ ਕੰਨਾਂ ਦੀ ਭਟਕਣਾ ਕਿਵੇਂ ਦੂਰ ਹੋਵੇ ? ਵਾਸ਼ਨਾਵਾਂ-ਭਰਪੂਰ ਰਾਗਾਂ ਦੀ ਜ਼ਹਿਰ ਕਿਵੇਂ ਉਤਰੇ ? ਸੁਰਤੀ ਉਖੇੜਨ ਵਾਲੇ ਨਾਦ ਤੋਂ ਉਤਪਤ ਹੋਈ ਅਸਤੁਲਤਾ ਸਹਜ ਅਵਸਥਾ ਵਿਚ ਕਿਵੇਂ ਬਦਲੇ ? ਇਨ੍ਹਾਂ ਦਾ ਉਤਰ ਫ਼ਿਲਾਸਫਰਾਂ, ਬੁੱਧੀ-ਜੀਵੀਆਂ ਤੇ ਕਰਮ-ਕਾਂਡੀਆਂ ਕੋਲ ਨਹੀਂ, ਕੇਵਲ ਗੁਰ-ਫੁਰਮਾਨ ਅਮੋਲਕ ਰਤਨਾਂ ਦੀ ਬਾਣੀ ਵਿੱਚ ਹੈ।

ਦਸਮ ਦੁਆਰ ਵਿੱਚ ਵੱਜਦੇ ਅਨਹਦ ਸ਼ਬਦ ਦੀ ਰੁਣਝੁਣਕਾਰ, ਅਚਰਜ ਧੁਨੀ ਵਾਲਾ, ਸਭ ਦੈਵੀ ਸ਼ਬਦਾਂ ਦਾ ਸਿਰਤਾਜ, ਮੁੱਖੀ, ਸ਼ਰੋਮਣੀ, ਪੰਚ ਸ਼ਬਦ ਦਾ ਸੂਖਸ਼ਮ ਨਾਦ ਸੁਣਨ ਤੋਂ ਪਹਿਲਾਂ ਕਿਹੜੇ ਅਸਥੂਲ ਸ਼ਬਦ ਸ੍ਰਵਣ ਦਾ ਅਭਿਆਸ ਲੋੜੀਂਦਾ ਹੈ, ਜਿਹੜਾ ਜਨਮ ਜਨਮ ਦੀ ਭੁੱਖ-ਤ੍ਰੇਹ ਮਿਟਾ ਕੇ ਅਤੁਲਤਾ ਦੀ ਪਦਵੀ ਪਰਦਾਨ ਕਰੇ ? ਉਹ ਗੁਰਬਾਣੀ ਜਾਂ ਗੁਰਬਾਣੀ ਤੋਂ ਪ੍ਰਗਟ ਹੋਇਆ ਮੰਤਰਾਂ ਸਿਰ ਮੰਤਰ, ਵਾਹਿਗੁਰੂ ਗੁਰਮੰਤਰ ਹੈ।

ਜਿਉਂ ਜਿਹਬਾ ਸਾਚੇ ਨਾਮ ਦੀ ਉਸਤਤ ਵਿਚ ਮਗਨ ਹੈ ਤੇ ਮਨ ਪ੍ਰਭੂ ਦੇ ਚਰਨਾਂ ਵਿਚ ਲੀਨ, ਭਰਮ ਤੇ ਭਉ ਤੋਂ ਮੁਕਤ ਹੈ, ਤਿਵੇਂ ਹੀ ਕੰਨ ਗੁਰਬਾਣੀ ਦੀ ਧੁਨੀ ਦੁਆਰਾ ਰੱਜ ਰੱਜ ਕੇ ਜੀਵ ਨੂੰ ਪ੍ਰਭੂ ਦੀ ਜੋਤਿ ਨਾਲ ਇੱਕ ਮਿੱਕ ਕਰਦੇ ਹਨ।

ਜੀਭ ਰਸਾਇਣਿ ਸਾਚੈ ਰਾਤੀ ॥ ਹਰਿ ਪ੍ਰਭੁ ਸੰਗੀ ਭਉ ਨ ਭਰਾਤੀ ॥
ਸ੍ਰਵਣ ਸ੍ਰੋਤ ਰਜੇ ਗੁਰਬਾਣੀ ਜੋਤੀ ਜੋਤਿ ਮਿਲਾਈ ਹੇ ॥੧੪॥ (ਮਾਰੂ ਮ: ੧—੧੦੨੩)

ਉਹ ਕਿਹੜੀ ਬਾਣੀ ਹੈ ਜਿਸ ਨੂੰ ਸੁਣ ਕੇ ਵਾਲਹੁ ਨਿਕੀ ਪੁਰਸਲਾਤ ਦਾ ਬਿਖੜਾ ਪੈਂਡਾ ਆਸਾਨੀ ਨਾਲ ਲੰਘਿਆ ਜਾ ਸਕੇ ? ਇਹ ਬਾਣੀ—ਗੁਰਿ ਵਖਾਣੀ, ਅਰਥਾਤ, ਸਤਿਗੁਰੂ ਦੇ ਮੁਖਾਰਬਿੰਦ ਤੋਂ ਨਿਕਲੀ, ਧੁਰ ਦਰਗਾਹੋਂ ਨਾਜ਼ਿਲ ਹੋਈ ਗੁਰਬਾਣੀ ਹੈ। ਗੁਰਦੇਵ ਜੀ ਦਾ ਅਮਰ ਫ਼ੁਰਮਾਨ ਹੈ—

ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ ॥
ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ ॥੩॥
(ਵਡਹਸ ਮ. ੪ ਘੋੜੀਆ—੫੭੫)

ਵਾਹਿਗੁਰੂ ਸ੍ਵੈ ਨਿਰਮਲ ਸਰੂਪ ਹੈ। "ਨਿਰਮਲ ਤੇ ਸਭ ਨਿਰਮਲ ਹੋਵੈ ॥ ਨਿਰਮਲ ਮਨੂਆ ਹਰਿ ਸਬਦ ਪਰੋਵੈ ॥"* ਅਨੁਸਾਰ ਉਸ ਦੀ ਬਾਣੀ, ਉਸ ਦੀ ਜੋਤਿ, ਉਸ ਦਾ ਨਾਮ, ਉਸ ਦਾ ਸ਼ਬਦ, ਗਿਆਨ, ਧਿਆਨ, ਸਭ ਸੰਸਾਰਕ ਮਲ ਤੋਂ ਰਹਿਤ, ਨਿਰਮਲ ਹੈ। ਨਿਰਮਲ ਹਰੀ ਦੀ ਸਿਫ਼ਤਿ ਸਾਲਾਹ, ਗੁਰ ਸ਼ਬਦ ਦੁਆਰਾ ਕਰਨੀ ਤੇ ਕੰਨਾਂ ਦੁਆਰਾ ਸੁਣਨੀ, ਦੁਨਿਆਵੀ ਪਿਆਸ ਬੁਝਾਉਣ ਦੀ, ਕਿੰਨੀ ਸੁੰਦਰ ਜੁਗਤੀ ਹੈ—

ਨਿਰਮਲ ਸਬਦੁ ਨਿਰਮਲ ਹੈ ਬਾਣੀ ॥ ਨਿਰਮਲ ਜੋਤਿ ਸਭ ਮਾਹਿ ਸਮਾਣੀ ॥
ਨਿਰਮਲ ਬਾਣੀ ਹਰਿ ਸਾਲਾਹੀ ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸੁਖਦਾਤਾ ਮੰਨਿ ਵਸਾਵਣਿਆ ॥
ਹਰਿ ਨਿਰਮਲੁ ਗੁਰ ਸਬਦਿ ਸਲਾਹੀ ਸਬਦੋ ਸੁਣਿ ਤਿਸਾ ਮਿਟਾਵਣਿਆ ॥੧॥ਰਹਾਉ॥੨੦॥
(ਮਾਝ ਮ. ੩—੧੨੧)

ਉਹ ਕੰਨ ਕਿੰਨੇ ਸੁਭਾਗੜੇ ਹਨ ਜਿਹੜੇ ਸ਼ਬਦ ਗੁਰੂ-ਗੁਰਬਾਣੀ ਨੂੰ ਪ੍ਰੇਮ ਤੇ ਉਤਸ਼ਾਹ ਸਹਿਤ ਸੁਣਦੇ ਹਨ।

ਨੈਨੀ ਦੇਖਿ ਦਰਸੁ ਮਨੁ ਤ੍ਰਿਪਤੈ ਸ੍ਰਵਨ ਬਾਣੀ ਗੁਰ ਸਬਦੁ ਸੁਣਈਆ ॥
ਸੁਨਿ ਸੁਨਿ ਆਤਮਦੇਵ ਹੈ ਭੀਨੇ ਰਸਿ ਰਸਿ ਰਾਮ ਗੋਪਾਲ ਰਵਈਆ ॥੬॥੪॥
(ਬਿਲਾਵਲੁ ਮਹਲਾ ੪—੮੩੩)

ਕੰਨਾਂ ਨਾਲ ਗੁਰ-ਸ਼ਬਦ ਸੁਣਨਾ ਪਹਿਲੀ ਪੌੜੀ ਵੀ ਹੈ ਤੇ ਮੰਜ਼ਲ ਮਕਸੂਦ ਪਹੁੰਚਣ ਤਕ ਹਰਕ ਪੜਾਅ ਦਾ ਅਨਿਖੜਵਾਂ ਤੇ ਜ਼ਰੂਰੀ ਅੰਗ ਵੀ। ਇਨ੍ਹਾਂ ਦਾ ਕਾਰਜ ਨਿਵੇਕਲਾ ਹੈ, ਜਿਸ ਦਾ ਕੋਈ ਬਦਲ ਨਹੀਂ।

* ਮਾਝ ਮ: ੩, ॥੫॥੨੦॥ ਪੰਨਾ ੧੨੧

www.AKJ.Org

# ਮਾਤਾ ਖੀਵੀ

[ਪ੍ਰਿੰਸੀਪਲ ਸਤਿਬੀਰ ਸਿੰਘ ਜੀ]

ਕਿਸੇ ਵੀ ਸਮਾਜ ਦੀ ਉਚਾਈ ਮਾਪਣ ਦਾ ਸਭ ਤੋਂ ਸਹੀ ਪੈਮਾਨਾ ਸਿਆਣਿਆਂ ਨੇ ਸਮਾਜ ਵਿਚ ਔਰਤ ਨੂੰ ਦਿਤਾ ਦਰਜਾ ਗਿਣਿਆ ਹੈ। ਜਿਸ ਸਮਾਜ ਵਿਚ ਨਾਰੀ ਨੂੰ ਢੋਰ, ਪਸ਼ੂ ਤੇ ਗਵਾਰ ਨਾਲ ਤੁਲਣਾ ਦੇ ਕੇ ਤਾੜਨ ਦਾ ਅਧਿਕਾਰੀ ਕਿਹਾ ਜਾਂਦਾ ਹੋਵੇ, ਉਹ ਸਮਾਜ ਕਿਸੇ ਵੀ ਪੱਖੋਂ ਉੱਚਾ ਨਹੀਂ ਕਿਹਾ ਜਾ ਸਕਦਾ। ਜਿਥੇ ਔਰਤ ਨੂੰ 'ਗੁਨਾਹਾਂ ਦੀ ਪੰਡ' ਤੇ 'ਕੁਦਰਤ ਦੀ ਮਜ਼ੇਦਾਰ ਗ਼ਲਤੀ' ਆਖ ਕੇ ਖਿਲੀ ਉਡਾਈ ਜਾਂਦੀ ਹੋਵੇ, ਉਹ ਸਮਾਜ ਨਿੰਦਾ ਦਾ ਹੀ ਪਾਤਰ ਹੈ। ਗੁਰੂ ਨਾਨਕ ਦੇਵ ਜੀ ਜਿਥੇ ਧਰਮਾਂ, ਵਤਨਾਂ, ਨਸਲਾਂ, ਕੌਮਾਂ, ਬੋਲੀਆਂ ਦੇ ਵਿਤਕਰੇ ਮੇਟਣ ਆਏ ਸਨ, ਉਥੇ ਉਹ ਜਿਨਸਾ ਦੇ ਵਖੇਵੇਂ ਵੀ ਮਿਟਾ ਕੇ ਗਏ। ਉਨ੍ਹਾਂ ਨੇ, ਜਿਸ ਬਰਤਨ (ਭਾਂਡੇ, ਭੰਡਿ) ਵਿਚੋਂ ਖਾਂਦੇ ਹੋ, ਉਸੇ ਵਿਚ ਛੇਕ ਕਰਨ ਦੀ ਨੀਤੀ ਨੂੰ ਅਤਿ ਮਾੜਾ ਆਖਿਆ। ਜਿਸ ਭਾਂਡੇ ਕਾਰਨ ਉਹ ਹੋਂਦ ਵਿਚ ਆਇਆ, ਉਸ ਦੇ ਵਿਰੁੱਧ ਕੁਬਲ ਬੋਲਣ ਤੋਂ ਆਪ ਜੀ ਨੇ ਧਰਮ ਦੇ ਰਾਖੇ ਆਗੂਆਂ ਨੂੰ ਵਰਜਿਆ। ਉਨ੍ਹਾਂ ਉਚੀ ਆਵਾਜ਼ ਨਾਲ ਉਸ ਪਿਛਾਣੇ ਦਾ ਜ਼ਿਕਰ ਕੀਤਾ, ਜੋ ਪੁਰਸ਼ ਨਾਰੀ ਉਤੇ ਕਰ ਰਿਹਾ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਰਾਖਵੇਂ ਢੰਗ ਨਾਲ ਬ੍ਰਾਹਮਣ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਕ ਪਾਸੇ ਤੁਸੀਂ ਲੋਕ ਰਾਜਿਆਂ ਨੂੰ ਨਿਹਕਲੰਕੀ ਆਖਦੇ ਨਹੀਂ ਥੱਕਦੇ ਤੇ ਦੂਜੇ ਪਾਸੇ ਰਾਜੇ ਨੂੰ ਜਨਮ ਦੇਣ ਵਾਲੀ ਨੂੰ ਕਲੰਕਣੀ ਕਹਿੰਦੇ ਹੋ, ਇਹ ਕਿਵੇਂ ਫੱਬਦਾ ਹੈ। ਗੁਰੂ ਨਾਨਕ ਦੇਵ ਜੀ ਜਿਸ ਸਮਾਜ ਦੀ ਉਸਾਰੀ ਕਰ ਰਹੇ ਸਨ, ਉਸ ਵਿਚ ਇਸਤ੍ਰੀ ਨਿਉਂਦੀ ਨਹੀਂ, ਸਗੋਂ ਸਤਿਕਾਰੀ ਜਾਵੇਗੀ ਤੇ ਯੋਗ ਥਾਂ ਪਾਏਗੀ।

'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ॥੨॥੧੯॥ (੪੭੩)

---

* ਮਨਿ ਸੰਤੋਖੁ ਸਬਦਿ ਗੁਰ ਰਾਜੇ ॥੩॥੪੭॥ (ਰਾਮਕਲੀ ਮ: ੫ ਪੰਨਾ ੮੯੭)

ਕੋਮਲ ਬਾਣੀ ਸਭ ਕਉ ਸੰਤੋਖੈ ॥ ਪੰਚ ਭੂ ਆਤਮਾ ਹਰਿ ਨਾਮ ਰਸਿ ਪੋਖੈ ॥੧੨॥

(ਥਿਤੀ ਗਉੜੀ ਮਹਲਾ ੫–੨੯੯)

ਭੱਟਾਂ ਦਾ ਹਿਰਦਾ ਅਥਾਹ ਸ਼ਰਧਾ ਤੇ ਪ੍ਰੇਮ ਨਾਲ ਭਰਪੂਰ ਸੀ। ਉਨ੍ਹਾਂ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਅਗਾਧ ਕਲਾ ਵਰਤਾਉਣ ਵਾਲੇ ਗੁਰ-ਉਪਦੇਸ਼ ਦੀ ਮਹਿਮਾ ਦ੍ਰਿੜ੍ਹਾਉਂਦੇ ਅਤੀ ਸੁੰਦਰ ਤੇ ਅਮੋਲਕ ਵੀਚਾਰ ਅੰਕਿਤ ਕੀਤੇ ਹਨ। ਉਹਨਾਂ ਨੇ ਤੱਕਿਆ ਕਿ ਗੁਰਦੇਵ ਜੀ ਦੇ ਨਾਮ ਰੂਪੀ ਸ਼ਬਦ ਸੁਣਦਿਆਂ ਸਾਰ ਹੀ ਪਿਆਰੇ, ਸ਼ਰਧਾਲੂ ਗੁਰਸਿੱਖਾਂ ਦੀ ਸਮਾਧੀ ਲੱਗ ਜਾਂਦੀ ਹੈ—

ਗੁਰੂ ਗੁਰੂ ਗੁਰੁ ਕਰੁ ਮਨ ਮੇਰੇ ॥

ਤਾਰਣ ਤਰਣ ਸਮ੍ਰਥੁ ਕਲਜੁਗਿ ਸੁਨਤ ਸਮਾਧਿ ਸਬਦ ਜਿਸੁ ਕੇਰੇ ॥੫॥੯॥

(ਸਵਈਏ ਮਹਲੇ ਚਉਥੇ ਕੇ– ੧੩੯੯-੧੪੦੦)

ਏਧਰ ਸ੍ਰੀ ਗੁਰੂ ਰਾਮਦਾਸ ਜੀ ਦੀ ਨਿਮਰਤਾ ਦਾ ਸਿਖਰ ਉਨ੍ਹਾਂ ਦੇ ਬਚਨਾਂ ਤੋਂ ਤੱਕਿਆ ਜਾ ਸਕਦਾ ਹੈ। ਗੁਰਦੇਵ ਜੀ ਨਾਮ ਸੁਣਨ ਦੀ ਮਹਿਮਾ ਦਾ ਮਾਣ ਆਪ ਨਹੀਂ ਲੈਂਦੇ, ਸਤਿਸੰਗ ਨੂੰ ਦਿੰਦੇ ਹਨ, ਜਿਨ੍ਹਾਂ ਦੀ ਛੁਹ ਸਦਕੇ ਮਨ ਦ੍ਰਵਿਆ ਜਾਂਦਾ ਹੈ, ਕੋਮਲ ਤੇ ਨਿਰਮਲ ਰੂਪ ਧਾਰਨ ਕਰਦਾ ਹੈ। ਹਜ਼ੂਰ ਐਸੇ ਗੁਰਸਿਖ ਦੇ ਚਰਨਾਂ ਨੂੰ ਸੇਵਣਾ ਲੋਚਦੇ ਹਨ—

ਸਤਸੰਗਤਿ ਸਾਈ ਹਰਿ ਤੇਰੀ ਜਿਤੁ ਹਰਿ ਕੀਰਤਿ ਸੁਨਣੇ ॥

ਜਿਨ ਹਰਿ ਨਾਮੁ ਸੁਣਿਆ ਮਨੁ ਭੀਨਾ ਤਿਨ ਹਮ ਸ੍ਰੇਵਹ ਨਿਤ ਚਰਣੇ ॥੧॥੭॥

(ਭੈਰਉ ਮ: ੪–੧੧੩੫)

www.AKJ.Org

ਇਸੇ ਪਾਸੇ ਦਾ ਇਕ ਭਾਵ-ਪੂਰਤ ਫ਼ੁਰਮਾਨ ਸੀ । ਉਸ ਹੁਕਮ ਦਾ ਪਰਤੱਖ ਰੂਪ 'ਸਤੇ ਅਤੇ ਬਲਵੰਡ ਜੀ ਦੀ ਆਖੀ ਰਾਮਕਲੀ ਦੀ ਵਾਰ' ਵਿਚ ਦੇਖਿਆ ਜਾ ਸਕਦਾ ਹੈ ।

ਜੇ ਮੈਂ ਭੁੱਲਦਾ ਨਹੀਂ ਤਾਂ ਗੁਰੂ ਗ੍ਰੰਥ ਸਾਹਿਬ ਵਿਚ, ਗੁਰੂ ਤੋਂ ਭਗਤ ਤੋਂ ਇਲਾਵਾ ਕਿਸੇ ਦੀ ਉਪਮਾ ਨਹੀਂ ਹੈ । ਸਿਰਫ਼ ਦੋ ਥਾਵੇਂ, ਇਕ ਰਾਮਕਲੀ ਦੀ ਵਾਰ ਜੋ ਡੂਮ ਸਤੇ ਤੇ ਰਾਇ ਬਲਵੰਡ ਜੀ ਨੇ ਆਖੀ ਹੈ ਤੇ ਦੂਜੇ 'ਰਾਮਕਲੀ ਸਦ' ਵਿਚ ਗੁਰੂ ਪਤਨੀ ਤੇ ਗੁਰੂ ਸੰਤਾਨ ਦੀ ਉਪਮਾ ਹੈ । ਰਾਮਕਲੀ ਸਦ ਵਿਚ 'ਮੋਹਰੀ ਪੁਤੁ ਸਨਮੁਖੁ ਹੋਇਆ' ਕਹਿ ਕੇ ਸਤਿਕਾਰਿਆ ਹੈ ਤੇ ਬਲਵੰਡ ਜੀ ਨੇ ਪੂਰੀ ਇਕ ਪਉੜੀ ਗੁਰੂ ਅੰਗਦ ਸਾਹਿਬ ਦੀ ਸੁਪਤਨੀ ਦੀ ਉਪਮਾ ਵਿਚ ਲਿਖੀ ਹੈ । ਬਲਵੰਡ ਜੀ ਨੇ ਪਹਿਲੀਆਂ ਦੋ ਪਉੜੀਆਂ ਵਿਚ ਗੁਰੂ ਨਾਨਕ ਜੀ ਦੀ ਉਸ ਵਡਿਆਈ ਦਾ ਵਰਣਨ ਕੀਤਾ ਹੈ, ਜਿਸ ਅਨੁਸਾਰ ਉਨ੍ਹਾਂ ਆਪਣ ਸੇਵਕ ਬਾਬਾ ਲਹਿਣਾ ਜੀ ਅਗੇ ਮੱਥਾ ਟੇਕਿਆ ਤੇ ਆਪਣੇ ਜੀਉਂਦਿਆਂ ਹੀ ਗੁਰਗੱਦੀ ਬਖ਼ਸ਼ੀ, ਦੂਜੀ ਪਉੜੀ ਵਿਚ ਬਲਵੰਡ ਜੀ ਤੇ ਬਾਬਾ ਲਹਿਣਾ ਜੀ ਨੇ ਜਿਵੇਂ ਗੁਰੂ ਨਾਨਕ ਸਾਹਿਬ ਦੇ ਫ਼ੁਰਮਾਏ ਹੋਏ ਹੁਕਮਾਂ ਨੂੰ ਕਮਾਇਆ, ਦੱਸਦੇ ਹਨ : ਉਹ ਸਿਲ ਅਲੂਣੀ ਚਟਣ ਵਾਂਗ ਬੜੀ ਕਰੜੀ ਕਾਰ ਹੈ, ਪਰ ਗੁਰੂ ਜੀ ਉਸ ਨੂੰ ਬੜੀ ਅਸਾਨੀ ਨਾਲ ਨਿਭਾ ਰਹੇ ਹਨ । ਬਾਬਾ ਲਹਿਣਾ ਜੀ ਅਕਾਲ ਪੁਰਖ ਵਲੋਂ ਮਿਲੀ ਨਾਮ-ਦਾਤਿ ਵੰਡ ਰਹੇ ਹਨ, ਆਪ ਵੀ ਵਰਤਦੇ ਹਨ, ਤੇ ਹੋਰਨਾਂ ਨੂੰ ਵੀ ਖੁਲ੍ਹੇ ਹਥੀਂ ਵੰਡ ਰਹੇ ਹਨ । ਗੁਰੂ-ਸ਼ਬਦ ਦਾ ਲੰਗਰ ਚਲ ਰਿਹਾ ਹੈ, ਪਰ ਗੁਰੂ ਅੰਗਦ ਜੀ ਦੀ ਨਾਮ-ਕਮਾਈ ਵਿਚ ਕੋਈ ਘਾਟਾ ਨਹੀਂ ਪੈਂਦਾ । ਤੀਜੀ ਪਉੜੀ ਵਿਚ ਬਲਵੰਡ ਜੀ ਹੁਣ ਦੂਜੇ ਲੰਗਰ ਦਾ ਜ਼ਿਕਰ ਕਰਦੇ ਹਨ । ਜੇ ਉਧਰ ਸ਼ਬਦ ਦੀ ਦੌਲਤ ਗੁਰੂ ਅੰਗਦ ਜੀ ਖੁਲ੍ਹੇ ਹਥੀਂ ਵੰਡ ਰਹੇ ਸਨ ਤਾਂ ਇਧਰ ਉਨ੍ਹਾਂ ਦੀ ਧਰਮ-ਪਤਨੀ ਮਾਤਾ ਖੀਵੀ ਜੀ ਦੀ ਸੇਵਾ ਸਦਕਾ ਲੰਗਰ ਵਿਚ ਸਭ ਨੂੰ ਘਿਉ ਵਾਲੀ ਖੀਰ ਵੰਡੀ ਜਾ ਰਹੀ ਹੈ । ਕੈਸੀ ਸਮ-ਦ੍ਰਿਸ਼ਟੀ ਹੈ, ਮਾਤਾ ਖੀਵੀ ਜੀ ਦੀ । ਕਿਤਨਾ ਉਦਾਰ-ਚਿਤ ਹੈ ਉਨ੍ਹਾਂ ਦਾ ਸੁਭਾਉ । ਕਿਤਨੇ ਮਿੱਠੇ ਹਨ ਉਨ੍ਹਾਂ ਦੇ ਬਚਨ । ਕਿਤਨੀ ਕਰੜੀ ਹੈ ਉਨ੍ਹਾਂ ਦੀ ਘਾਲ । ਖਸਮ (ਗੁਰ ਅੰਗਦ) ਦੇ ਦਰ ਉਹ ਤਾਂ ਹੀ ਕਬੂਲ ਹੋਏ ਜਦ ਉਨ੍ਹਾਂ ਇਸਤ੍ਰੀ ਹੋ ਕੇ ਮਰਦਾਂ ਵਾਲੀ ਘਾਲ ਘਾਲੀ । ਅਸਲ ਗੱਲ ਇਹ ਹੈ ਕਿ ਉਨ੍ਹਾਂ ਦਾ ਪਤੀ ਗੁਰੂ ਅੰਗਦ ਦੇਵ ਜੀ ਹੀ ਐਸਾ ਸੀ, ਜਿਸ ਨੇ ਸਾਰੀ ਧਰਤੀ ਦਾ ਭਾਰ ਚੁੱਕ ਲਿਆ ਹੋਇਆ ਸੀ :

ਪਏ ਕਬੂਲੁ ਖਸੰਮ ਨਾਲਿ, ਜਾਂ ਘਾਲ ਮਰਦੀ ਘਾਲੀ ॥
ਮਾਤਾ ਖੀਵੀ ਸਹੁ ਸੋਇ, ਜਿਨਿ ਗੋਇ ਉਠਾਲੀ ॥੩॥ (੯੬੭)

ਬਲਵੰਡ ਜੀ ਦੇ ਆਪਣੇ ਸ਼ਬਦਾਂ ਵਿਚ, ਮਾਤਾ ਖੀਵੀ ਜੀ ਆਪਣੇ ਪਤੀ ਵਾਂਗ ਬਹੁਤ ਭਲੇ ਹਨ, ਮਾਤਾ ਜੀ ਦੀ ਛਾਂ ਬਹੁਤ ਪੱਤ੍ਰਾਂ ਵਾਲੀ ਹੈ, ਸੰਘਣੀ ਹੈ । ਜਿਵੇਂ ਮਾਂ ਦੀ ਠੰਢੀ ਛਾਂ ਹੈ, ਇਸੇ ਤਰ੍ਹਾਂ ਉਨ੍ਹਾਂ ਪਾਸ ਬੈਠਿਆਂ ਵੀ ਹਿਰਦੇ ਵਿਚ ਸ਼ਾਂਤੀ ਤੇ ਠੰਢ ਪੈਂਦੀ ਹੈ, ਜਿਵੇਂ ਗੁਰੂ ਅੰਗਦ ਦੇਵ ਜੀ ਸਤਿਸੰਗ ਰੂਪੀ ਲੰਗਰ ਵਿਚ ਨਾਮ ਦੀ ਦਉਲਤ ਵੰਡੀ ਜਾ ਰਹੇ ਸਨ, ਆਤਮਕ ਜੀਵਨ ਦੇਣ ਵਾਲਾ ਨਾਮ-ਰਸ ਵੰਡ ਰਹੇ ਹਨ, ਤਿਵੇਂ ਮਾਤਾ ਜੀ ਦੀ ਸੇਵਾ ਸਦਕਾ ਸਾਰਿਆਂ ਨੂੰ ਘਿਉ ਵਾਲੀ ਖੀਰ ਮਿਲ ਰਹੀ ਹੈ । ਜੋ ਮਾਤਾ ਜੀ ਦੇ ਨੇੜੇ ਆਉਂਦੇ ਹਨ, ਉਨ੍ਹਾਂ ਗੁਰ-ਸਿੱਖਾਂ ਦੇ ਮੱਥੇ ਖਿੜ ਜਾਂਦੇ ਹਨ ਤੇ ਈਰਖਾਲੂਆਂ ਬੇ-ਮੁੱਖਾਂ ਦੇ ਮੂੰਹ ਪੀਲੇ ਪੈ ਰਹੇ ਹਨ :

ਬਲਵੰਡ ਖੀਵੀ ਨੇਕ ਜਨ, ਜਿਸੁ ਬਹੁਤੀ ਛਾਉ ਪਤ੍ਰਾਲੀ ॥
ਲੰਗਰਿ ਦਉਲਤਿ ਵੰਡੀਐ, ਰਸੁ ਅੰਮ੍ਰਿਤੁ ਖੀਰਿ ਘਿਆਲੀ ॥
ਗੁਰਸਿਖਾ ਕੇ ਮੁਖ ਉਜਲੇ, ਮਨਮੁਖ ਥੀਏ ਪਰਾਲੀ ॥...੩॥ (ਪੰਨਾ ੯੬੭ ਗੁਰੂ ਗ੍ਰੰਥ ਸਾਹਿਬ)

ਉਸ ਨੇਕ ਜਨ ਮਾਤਾ ਖੀਵੀ ਦਾ ਜਨਮ ਖਡੂਰ ਦੇ ਲਾਗੇ ਸੰਘਰ ਵਿਖੇ ਭਾਈ ਦੇਵੀ ਚੰਦ ਖੱਤਰੀ ਦੇ ਘਰ ਹੋਇਆ । ਦੇਵੀ ਚੰਦ ਜੀ ਇਕ ਵਡੇ ਹਟਵਾਣੀਏ ਤੇ ਸ਼ਾਹੂਕਾਰ ਸਨ । ਵੀਰਾਈ ਜੀ, ਜੋ ਚੌਧਰੀ ਤਖ਼ਤ ਮਲ, ਮੱਤੇ ਦੀ ਸਰਾਂ ਵਾਲਿਆਂ ਦੀ ਪੁੱਤਰੀ ਸੀ, ਨੇ ਖੀਵੀ ਜੀ ਦਾ ਰਿਸ਼ਤਾ ਭਾਈ ਲਹਿਣਾ ਜੀ ਨਾਲ ਪੱਕਾ ਕਰਾ ਦਿੱਤਾ । ਮਹਾਨ ਕੋਸ਼ ਦੇ ਵਿਦਵਾਨ ਲਿਖਾਰੀ ਅਨੁਸਾਰ ਮਾਤਾ ਖੀਵੀ ਜੀ ਦੀ ਸ਼ਾਦੀ ਸੰਨ ੧੫੧੯ ਈ. ਵਿਚ ਹੋਈ । ਜਦ

www.AKJ.Org

ਕੁਝ ਕਾਰਨਾਂ ਕਰਕੇ ਚੌਧਰੀ ਤੱਖਤ ਮਲ ਨੇ ਭਾਈ ਲਹਿਣਾ ਜੀ ਦੇ ਪਿਤਾ ਬਾਬਾ ਫੇਰੂ ਜੀ ਨੂੰ ਨੌਕਰੀ ਤੋਂ ਅੱਡ ਕਰ ਦਿੱਤਾ ਤਾਂ ਭਾਈ ਦੇਵੀ ਚੰਦ ਜੀ ਨ ਬਾਬਾ ਫੇਰੂ ਜੀ ਤੇ ਭਾਈ ਲਹਿਣਾ ਜੀ ਨੂੰ ਸੰਘਰ ਹੀ ਲੈ ਆਂਦਾ। ਬਾਬਾ ਫੇਰੂ ਜੀ ਨੇ ਹਰੀ ਕੇ ਪੱਤਣ ਦੁਕਾਨ ਪਾ ਲਈ, ਪਰ ਛੇਤੀ ਹੀ ਖਡੂਰ ਮੁੜ ਆਏ ਤੇ ਸ਼ਾਹੂਕਾਰਾ ਕਰਨ ਲਗੇ ਅਤੇ ਨਾਲ ਦੁਕਾਨ ਵੀ ਰਖੀ। ੧੫੨੬ ਈ: ਨੂੰ ਬਾਬਾ ਫੇਰੂ ਜੀ ਚੜ੍ਹ ਈ ਕਰ ਗਏ ਤੇ ਸਾਰਾ ਕੰਮ ਕਾਜ ਭਾਈ ਲਹਿਣਾ ਜੀ ਨੇ ਸੰਭਾਲ ਲਿਆ। ਬਾਬਾ ਫੇਰੂ ਜੀ ਨਾ ਸਿਰਫ ਦੇਵੀ-ਭਗਤ ਸ਼ਨ, ਸਗੋਂ ਹਰ ਸਾਲ ਪਹਾੜਾਂ ਵਾਲੀ ਦੇਵੀ ਦੇ ਦਰਸ਼ਨ ਨੂੰ ਜਥਾ ਵੀ ਲੈ ਜਾਂਦੇ ਸਨ ਅਤੇ ਉਸ ਸੰਗ ਦੇ ਜਥੇਦਾਰ ਵੀ ਸਨ। ਪਿਤਾ ਦੀ ਮੌਤ ਉਪਰੰਤ ਜਿਥੇ ਘਰ ਦੀ ਜ਼ਿੰਮੇਵਾਰੀ ਉਨ੍ਹਾਂ ਤੇ ਪਈ, ਉਥੇ ਸੰਗ ਨੂੰ ਲੈ ਜਾਣ ਦੀ ਜਥੇਦਾਰੀ ਵੀ ਉਨ੍ਹਾਂ ਸਿਰ ਆਈ। ਉਹ ਕਈ ਸਾਲ ਉਸ ਜ਼ਿੰਮੇਵਾਰੀ ਨੂੰ ਨਿਭਾਉਂਦੇ ਰਹੇ। ਇਕ ਵਾਰੀ ਖਡੂਰ ਸਾਹਿਬ ਵਿਖੇ ਹੀ ਭਾਈ ਜੋਧ ਜੀ ਦੇ ਮੁਖੋਂ ਗੁਰੂ ਨਾਨਕ ਜੀ ਦੀ ਬਾਣੀ ਸੁਣ ਕੇ ਕਰਤਾਰਪੁਰ ਜਾਣ ਦੀ ਵਿਚਾਰ ਬਣਾਈ। ਸੰਗ ਦੇ ਸਾਥੀਆਂ ਨੂੰ ਰਾਹ ਵਿਚ ਛਡ ਕੇ ਕਰਤਾਰਪੁਰ ਆਏ ਤੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰ ਕੇ ਉਥੇ ਹੀ ਟਿਕਣ ਦਾ ਮਨ ਬਣਾ ਲਿਆ।

ਇਹ ਸੰਕਲਪ ਉਨ੍ਹਾਂ ੧੫੩੨ ਈ: ਵਿਚ ਕੀਤਾ। ਭਾਈ ਦਾਸੂ ਜੀ ਤੇ ਬੀਬੀ ਅਮਰੋ ਜੀ ਦਾ ਜਨਮ ਹੋ ਚੁੱਕਾ ਸੀ। ਜਥਾ ਜੰਮੂ ਤੋਂ ਪਹਾੜ ਵਾਲੀ ਦੇਵੀ ਦੇ ਦਰਸ਼ਨ ਕਰ ਖਡੂਰ ਮੁੜ ਆਇਆ, ਪਰ ਜਥੇਦਾਰ ਨਾਲ ਨ: ਦੇਖ ਜੋ ਕਿਸੇ ਦੇ ਮੂੰਹ ਵਿਚ ਆਇਆ, ਬਾਬਾ ਲਹਿਣਾ ਜੀ ਲਈ ਕਿਹਾ ਕਿ—

'ਤੇਰਾ ਪਤੀ, ਤੇਰਾ ਸਾਥ ਛੱਡ ਕਰਤਾਰਪੁਰ ਦਾ ਹੋ ਗਿਆ। ਉਸ ਸਮੇਂ ਮਾਤਾ ਖੀਵੀ ਜੀ ਦਾ ਸਿਦਕ ਦੇਖਣ ਵਾਲਾ ਸੀ। ਠੰਢੇ ਸੁਭਾਉ ਦੀ ਮੂਰਤ ਖੀਵੀ ਅਡੋਲ ਰਹੀ। ਜਦ ਫਿਰ ਸਾਰਿਆਂ ਲਾ ਲਾ ਕੇ ਕਿਹਾ—

> 'ਲਹਿਣਾ (ਜੀ) ਕਰਤਾਰਪੁਰ ਹੀ ਨਾਨਕ ਤਪੇ ਪਾਸ ਰਹਿ ਪਿਆ ਈ, ਸੰਗ ਨੂੰ ਜਵਾਬ ਦੇ ਦਿਤਾ ਸੂ। ਆਪ ਸਾਧ ਹੋ ਕੇ ਬਹਿ ਗਿਆ ਈ ਅਤੇ ਤਪੇ ਦੇ ਦੁਆਰੇ ਹੀ ਧੂਣੀ ਰਮਾ ਲਈ ਸੂ ਤਾਂ ਖੀਵੀ ਜੀ ਨੇ ਸਿਰਫ ਇਹ ਹੀ ਆਖਿਆ :
>
> ਜੇ ਉਹ ਗੋਦੜੀ ਪਾਏਗਾ ਤਾਂ ਲੀਰਾਂ ਹੰਢਾਸਾਂ ਜਿਸ ਹਾਲ ਰੱਖੇਗਾ, ਉਸ ਹਾਲ ਹੀ ਰਵਾਂਗੀ।

ਜਦ ਗੁਰੂ ਨਾਨਕ ਜੀ ਨੇ ਕਰਤਾਰਪੁਰ ਤੋਂ ਘਰ ਖਡੂਰ ਦੀ ਸਾਰ ਲੈਣ ਲਈ ਭੇਜਿਆ ਤਾਂ ਮਾਤਾ ਖੀਵੀ ਜੀ, ਸਿਖ ਇਤਿਹਾਸ ਵਿਚ 'ਪਤੀ ਪ੍ਰੇਮਣ' ਕਰ ਕੇ ਪ੍ਰਸਿਧ ਸਨ, ਨੇ ਸਾਫ ਦੇਖ ਲਿਆ ਕਿ ਉਨ੍ਹਾਂ ਦਾ ਦਿਲ ਘਰ ਦੇ ਕੰਮਾਂ ਵਿਚ ਨਹੀਂ ਲੱਗਦਾ ਤੇ ਦੁਕਾਨ ਦਾ ਸਾਰਾ ਕੰਮ ਵੀ ਆਪਣੇ ਭਣੇਵੇਂ ਨੂੰ ਸੌਂਪ ਰਹੇ ਹਨ ਤਾਂ ਆਪ ਜੀ ਨੇ ਸਿਰਫ ਇਤਨਾਂ ਹੀ ਕਿਹਾ—

> ਬਾਹਰ ਨਾ ਜਾਓ, ਘਰ ਰਹਿ ਜੋਗ ਕਮਾਓ, ਜਿਵੇਂ ਤੁਸੀਂ ਆਖੋਗੇ ਮੈਂ ਉਸੇ ਤਰ੍ਹਾਂ ਟੁਰਾਂਗੀ, ਤੁਹਾਡੇ ਤਪ ਵਿਚਕਾਰ ਰੋੜਾ ਨਾ ਅਟਕਾਸਾਂ। ਉਸ ਸਮੇਂ ਭਾਈ ਲਹਿਣਾ ਜੀ ਨੇ ਕਿਹਾ—
>
> ਜਿਸ ਪਾਸ ਮੈਂ ਚਲਿਆ ਹਾਂ ਉਹ ਜੋਗੀ, ਜੰਗਮ, ਸੰਨਿਆਸੀ, ਸਰੇਵੜਾ ਨਹੀਂ, ਉਸ ਨੇ ਗ੍ਰਿਹਸਤ ਵਿਚ ਉਦਾਸੀ ਦਾ ਰਾਹ ਦਿਖਾਇਆ ਹੈ, ਪ੍ਰੇਮ ਹੱਥ ਵਿਕਿਆ ਹੈ।

ਮਾਤਾ ਜੀ ਨੇ ਉਥੇ ਕਿਸੇ ਪ੍ਰਕਾਰ ਦੀ ਰੋਕ ਨਾ ਪਾਈ। ਬੱਚੇ ਭਾਵੇਂ ਬਹੁਤ ਛੋਟੇ ਸਨ, ਪਰ ਸਾਰਾ ਭਾਰ ਮਾਤਾ ਜੀ ਨੇ ਆਪਣੇ ਸਿਰ ਉਤੇ ਚੁਕ ਲਿਆ। ਉਸ ਸਮੇਂ ਮਾਤਾ ਖੀਵੀ ਜੀ ਦੀ ਕੁਰਬਾਨੀ ਕੋਈ ਘਟ ਨਹੀਂ ਸੀ। ਖੀਵੀ ਜੀ ਨੂੰ ਉਸ ਸਮੇਂ ਇਹ ਨਹੀਂ ਸੀ ਪਤਾ ਕਿ ਦੀਨ ਦਾ ਛੱਤਰ ਉਸ ਦੇ ਪਤੀ ਉਤੇ ਝੁਲਣਾ ਹੈ। ਖੁਸ਼ੀ ਨਾਲ ਉਨ੍ਹਾਂ ਨੂੰ ਭਜਣ ਤੇ ਉਨਾਂ ਦੀਆਂ ਖੜਾਵਾਂ ਪੂਜ ਲਈ ਮੰਗ ਲੈਣੀਆ ਉਨ੍ਹਾਂ ਦੀ ਦ੍ਰਿੜ੍ਹਤਾ ਦਰਸਾਉਂਦਾ ਹੈ।

ਅਗਲੇ ਸੱਤ ਸਾਲ ੧੫੩੨ ਤੋਂ ੧੫੩੯ ਉਧਰ ਕਰਤਾਰਪੁਰ ਵਲ ਬਾਬਾ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਵਲੋਂ ਪਾਏ ਹਰ ਪਰਚੇ ਨੂੰ ਸਫਲਤਾ ਨਾਲ ਹੱਲ ਕਰ ਕੇ ਉਨ੍ਹਾਂ ਦਾ ਅੰਗ ਬਣ ਰਹੇ ਸਨ ਤਾਂ ਇਧਰ ਮਾਤਾ ਖੀਵੀ ਜੀ ਹੁਣ ਸਥੂਲ ਪੂਜਾ ਦੀ ਥਾਂ ਸੇਵਾ ਸ਼ਬਦ ਤੇ ਸੰਗਤ ਵਿਚ ਲੀਨ ਹੋ ਰਹੇ ਸਨ।

www.AKJ.Org

**ਨਿੱਤ ਕਰਮ—**

ਪਹਿਰ ਰਾਤ ਰਹਿੰਦੀ ਮਾਤਾ ਖੀਵੀ ਜੀ ਉਠਦੇ ਤੇ ਘਰ ਦੇ ਕੰਮ ਕਾਜ ਤੋਂ ਵਿਹਲਿਆਂ ਹੋ ਕੇ ਲੰਗਰ ਦੀ ਸੰਭਾਲ ਵਿਚ ਲਗ ਜਾਂਦੇ। ਉਨ੍ਹਾਂ ਦੇ ਮਿੱਠੇ ਖੁਲ੍ਹੇ ਸੁਭਾਉ ਕਰਕੇ ਹੀ ਕਈ ਸਿੱਖੀ ਵਲ ਪ੍ਰੇਰੇ ਆਏ ਤੇ ਉਹਨਾਂ ਦੀ ਸੁਚੱਜੀ ਦੇਖ-ਭਾਲ ਕਰਕੇ ਕਿਸੇ ਨੇ ਲੰਗਰ ਨੂੰ ਵਿਗਾੜਨ ਦੀ ਕੋਸ਼ਿਸ਼ ਨਾ ਕੀਤੀ। ਇਥੋਂ ਤਕ ਕਿ ਮੁੱਖ ਰਸੋਈਆ ਭਾਈ ਜੋਧ ਜੀ ਜੂਠੀਆਂ ਪੱਤਲਾਂ ਵਿਚੋਂ 'ਚਿੜੀ ਚੋਗ' ਚੁਕ ਕੇ ਪੇਟ ਦੀ ਅਗਨੀ ਬੁਝਾਉਂਦੇ। ਮਾਤਾ ਖੀਵੀ ਜੀ ਨੇ ਜਦ ਦੇਖ ਲਿਆ ਕਿ ਉਸ ਬ੍ਰਾਹਮਣ ਦਾ ਚਿਰਾਂ ਦਾ ਬਣਿਆ ਵਿਤਕਰੇ ਵਾਲਾ ਸੁਭਾਉ ਮੁਕ ਗਿਆ ਤਾਂ ਆਪ ਭਾਈ ਜੀ ਨੂੰ ਗੁਰੂ ਜੀ ਪਾਸ ਲੈ ਆਏ ਤੇ ਉਹਨਾਂ ਨਾਲ ਬਿਠਾਲ ਕੇ ਪ੍ਰਸ਼ਾਦ ਛਕਾਇਆ। ਜਦ ਕਿਸੇ ਪੁਛਿਆ—

'ਭਾਈ ਜੀ! ਹੁਣ ਤਾਂ ਸੁੱਚਾ ਭੋਜਨ ਖਾਂਦੇ ਹੋ?' ਤਾਂ ਉਹਨਾਂ ਬੜੀ ਨਿਮਰਤਾ ਨਾਲ ਕਿਹਾ—

'ਹਾਂ ਭਾਈ! ਅਦਰ ਸੱਚ ਜੂ ਆ ਵਸਿਆ ਹੈ, ਹੁਣ ਸੁੱਚਾ ਭੋਜਨ ਹੀ ਜੱਚਦਾ ਹੈ। ਪਹਿਲਾਂ ਅੰਦਰਾਂ ਵਰਣਾਂ ਦੀ ਜੂਠ ਸੀ, ਸੋ ਜੂਠਾ ਖਾਂਦਾ ਸੀ।'

**ਬੱਚਿਆਂ ਨੂੰ ਤਾਲੀਮ—**

ਬਾਬਾ ਅਮਰਦਾਸ ਜੀ ਦੇ ਮਨ ਨੂੰ ਐਸੀ ਚੋਟ ਲੱਗੀ ਕਿ ਬੀਬੀ ਅਮਰੋ ਜੀ ਨੂੰ ਨਾਲ ਲੈ ਕੇ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਆਏ। ਫਿਰ ਗੁਰੂ ਜੀ ਦੇ ਹੋ ਗਏ ਤੇ ਐਸੀ ਘਾਲ ਘਾਲੀ ਕਿ 'ਪਿਉ ਦਾਦੇ ਜੇਵੇਹਾ, ਪੋਤਾ ਪਰਵਾਨ।' ਜ਼ਰਾ ਕੁ ਗਹੁ ਨਾਲ ਵੇਖਿਆ ਜਾਏ ਤਾਂ (ਗੁਰੂ) ਅਮਰ ਦਾਸ ਜੀ ਨੂੰ ਸਿੱਖੀ ਵਲ ਪ੍ਰੇਰਨ ਦਾ ਮਾਣ ਮਾਤਾ ਖੀਵੀ ਜੀ ਨੂੰ ਹੀ ਜਾਂਦਾ ਹੈ। ਜੇ ਬੀਬੀ ਅਮਰੋ ਜੀ ਸੇਵਾ ਕਰ ਪ੍ਰਸੰਨ ਹੁੰਦੇ ਤੇ ਸ਼ਬਦ ਵਿਚ ਮਨ ਜੋੜੀ ਰੱਖਦੇ ਸਨ ਤਾਂ ਇਸ ਦਾ ਕਾਰਨ ਉਹ ਉਪਦੇਸ਼ ਹੀ ਸਨ ਜੋ ਨਿਤ ਮਾਂ ਖੀਵੀ ਦੇਂਦੀ ਸੀ। ਮਾਂ ਦੇ ਦੁੱਧ ਅਤੇ ਗੁੜਤੀ ਨੇ ਇਹ ਚਮਤਕਾਰ ਦਿਖਾਇਆ, ਜਿਸ ਨੂੰ ਕਦੇ ਅੱਖੀਆਂ ਤੋਂ ਓਹਲੇ ਨਹੀਂ ਕੀਤਾ ਜਾ ਸਕਦਾ। ਮਾਂ ਖੀਵੀ ਆਪਣੀ ਸੰਤਾਨ ਨੂੰ ਕਿਵੇਂ ਕੀਲ ਕੇ ਰੱਖਦੀ ਸੀ, ਇਸ ਦੀ ਇਕ ਉਦਾਹਰਣ ਉਸ ਸਮੇਂ ਦੀ ਹੈ ਜਦ ਘੋੜੀ ਤੇ ਸਵਾਰ ਹੋ ਦਾਸੂ ਜੀ ਨੇ (ਗੁਰੂ) ਅਮਰਦਾਸ ਜੀ ਦਾ ਪਿੱਛਾ ਕੀਤਾ ਸੀ। ਮਾਤਾ ਖੀਵੀ ਨੂੰ ਜਦ ਦਾਤੂ ਜੀ ਤੇ ਦਾਸੂ ਜੀ ਦੇ (ਗੁਰੂ) ਅਮਰਦਾਸ ਜੀ ਨੂੰ ਬਾਸਰ ਕੇ ਰਾਹ ਵਿਚ ਘੇਰ ਲੈਣ ਦੀ ਖ਼ਬਰ ਮਿਲੀ ਤਾਂ ਆਪ ਜੀ ਉਸ ਸਮੇਂ ਤੁਰ ਕੇ (ਗੁਰੂ) ਅਮਰਦਾਸ ਜੀ ਦੇ ਪਾਸ ਗਏ ਅਤੇ ਜੋ ਉਥੇ ਉਹਨਾ ਨਿਮਰਤਾ ਵਿਚ ਭਿੱਜ ਕੇ ਸ਼ਬਦ ਆਖੇ, ਉਹ ਹਰ ਇਕ ਮਾਂ ਨੂੰ ਸਦਾ ਚੇਤੇ ਰੱਖਣੇ ਚਾਹੀਦੇ ਹਨ। ਇਥੇ ਇਹ ਵੀ ਯਾਦ ਰਵ੍ਹੇ ਕਿ (ਗੁਰੂ) ਅਮਰਦਾਸ ਜੀ ਉਸ ਸਮੇਂ ਅਜੇ ਗੁਰੂ ਨਹੀਂ ਸਨ ਬਣੇ।

ਮਾਤਾ ਖੀਵੀ ਜੀ ਨੂੰ ਬਾਸਰ ਕੇ ਦੇਖ ਕੇ (ਗੁਰੂ) ਅਮਰਦਾਸ ਜੀ ਨੇ ਕਿਹਾ, 'ਤੁਸਾਂ ਕਿਉਂ ਖੇਚਲ ਕੀਤੀ, ਮੈਨੂੰ ਬੁਲਾ ਲੈਣਾ ਸੀ।'

ਮਾਤਾ ਜੀ ਨੇ ਕਿਹਾ, 'ਗੁਰੂ ਨਾਨਕ ਦੇ ਘਰ ਦੀ ਦਉਲਤ ਹੀ ਗਰੀਬੀ ਹੈ, ਨਿਮਰਤਾ ਹੈ। ਮੈਂ ਦੋਵੇਂ ਬੱਚੇ ਨਾਲ ਲੈ ਕੇ ਆਈ ਹਾਂ, ਇਨ੍ਹਾਂ ਨੇ ਲੋਕਾਂ ਦੇ ਚੁਕੇ-ਚੁਕਾਏ ਆਪ ਜੀ ਦੀ ਬੇਅਦਬੀ ਕੀਤੀ ਹੈ। ਆਪ ਜੀ ਨੂੰ ਘੇਰਿਆ ਹੈ, ਆਪ ਮਿਹਰ ਕਰੋ, ਭੁਲਣਹਾਰ ਜਾਣ ਕੇ ਤੇ ਆਪਣੇ ਸਮਝ ਕੇ ਬਖਸ਼ ਦਿਓ ਨੇ।

(ਗੁਰੂ) ਅਮਰਦਾਸ ਜੀ ਨੇ ਬਖ਼ਸ਼ਸ਼-ਦਾਤਾ ਗੁਰੂ ਅੰਗਦ ਦੇਵ ਜੀ ਹੀ ਕਿਹਾ ਤਾਂ—

ਮਾਤਾ ਜੀ ਨੇ ਹੋਰ ਨਿਮਰ ਹੋ ਕੇ ਕਿਹਾ, ਮੈਨੂੰ ਪਤਾ ਹੈ ਕਿ ਇਹ ਅਪਰਾਧ ਬਖਸ਼ਣ ਯੋਗ ਨਹੀਂ, ਮਿਹਰ ਕਰ ਦਿਓ ਨੇ।

(ਗੁਰੂ) ਅਮਰਦਾਸ ਜੀ ਨੇ ਧੰਨ ਗੁਰੂ ਅੰਗਦ ਦੇਵ ਜੀ ਤੇ ਧੰਨ ਮਾਤਾ ਖੀਵੀ ਜੀ ਕਹਿ ਕੇ ਬੱਚਿਆਂ ਨੂੰ ਛਾਤੀ ਨਾਲ ਲਗਾ ਲਿਆ।

ਫਿਰ ਜਦ ਗੁਰੂ ਅੰਗਦ ਦੇਵ ਜੀ ਨੇ ਮਾਤਾ ਖੀਵੀ ਜੀ ਨੂੰ (ਗੁਰੂ) ਅਮਰਦਾਸ ਜੀ ਨੂੰ ਗੁਰ-ਗੱਦੀ ਦੀ ਜ਼ਿੰਮੇਵਾਰੀ ਦੇਣ ਦੀ ਖ਼ਬਰ ਦਿਤੀ ਤਾਂ ਆਪ ਜੀ ਨੇ ਖੁਸ਼ੀ ਮਨਾਈ।

ਗੁਰੂ ਅੰਗਦ ਦੇਵ ਜੀ ਦੇ ਉਚਾਰੇ ਉਸ ਸਮੇਂ ਦੇ ਸ਼ਬਦ ਮਾਤਾ ਖੀਵੀ ਜੀ ਦੀ ਵਡਿਆਈ ਦਰਸਾਉਣ ਲਈ ਕਾਫ਼ੀ ਹਨ। ਗੁਰੂ ਅੰਗਦ ਦੇਵ ਜੀ ਨੇ ਕਿਹਾ, ਸਾਨੂੰ ਪਤਾ ਹੈ ਕਿ ਤੁਸੀਂ ਰਜ਼ਾ ਵਿਚ ਰਾਜ਼ੀ ਹੋ, ਪੁੱਤਰਾਂ ਦੀ ਗੱਲ ਵੀਚਾਰੋ।

ਮਾਤਾ ਜੀ ਨੇ ਪੁੱਤਰਾਂ ਦੇ ਸੰਬੰਧ ਵਿਚ ਕਿਹਾ, ਪੁੱਤਰ ਪੁੱਤਰ-ਪੁਣ ਦੇ ਮਾਣ ਵਿਚ ਹਨ, ਤੁਸੀਂ ਹੀ ਮਿਹਰ ਕਰੋ। ਮਾਤਾ ਜੀ ਦੋਵਾਂ ਪੁੱਤਰਾਂ ਨੂੰ ਬਹੁਤ ਸਮਝਾਉਂਦੇ ਰਹੇ। ਬੜੇ ਮਿਠੇ ਢੰਗ ਨਾਲ ਕਹਿੰਦੇ, ਕਿ ਇਹ ਮੇਰੀ ਜਾਂ ਤੇਰੀ ਸਿਫ਼ਾਰਸ਼ ਦੀ ਗੱਲ ਨਹੀਂ, ਕਿਸੇ ਦੇ ਹੱਥ ਕੁਝ ਨਹੀਂ, ਸਭ ਕੁਝ ਕਰਤਾਰ ਦੇ ਅਧੀਨ ਹੈ–

ਕਹਿ ਕਾਹੂ ਕੇ ਕਰ ਬਿਧੈ, ਸਭ ਕਰਤਾਰ ਅਧੀਨੈ ॥

ਗੁਰੂ ਬੰਸਾਵਲੀ ਚੰਦੋ ਦੇ ਵਿਚ ਲਿਖਿਆ ਹੈ ਕਿ ਸਤ ਅੱਠ ਮਹੀਨੇ ਇਹ ਹੀ ਗੱਲ ਹੁੰਦੀ ਰਹੀ, ਪਰ ਮਾਤਾ ਖੀਵੀ ਜੀ ਬੱਚਿਆਂ ਨੂੰ ਇਹ ਹੀ ਕਹਿੰਦੇ, ਪੰਡ ਭਾਰੀ ਹੈ, ਤੁਮ ਤੇ ਉਠਾਈ ਨਹੀਂ ਜਾਏਗੀ। ਇਸ ਕੋ ਇਹੀ (ਗੁਰੂ ਅਮਰ ਦਾਸ) ਉਠਾਏਗਾ।

ਕੇਸਰ ਸਿੰਘ ਨੇ ਬੰਸਾਵਲੀ-ਨਾਮਾ ਵਿਚ ਲਿਖਿਆ ਹੈ, ਪੰਡ ਭਾਰੀ ਹੈ, ਤੁਸਾਂ ਤੇ ਚੁਕੀ ਨਾ ਜਾਸੀ, ਇਹ ਚੁਕੇਗਾ ਸਾਰੀ।

ਇਤਨੇ ਨੂੰ ਇਕ ਘਟਨਾ ਹੋ ਗਈ। ਉਸ ਸਮੇਂ ਦਰਿਆ ਖਡੂਰ ਸਾਹਿਬ ਤੋਂ ਤਿੰਨ ਮੀਲ ਦੀ ਦੂਰੀ ਤੇ ਵੱਗਦਾ ਸੀ। (ਗੁਰੂ ਅਮਰਦਾਸ ਜੀ ਰੋਜ਼ ਪਿਛਲੀ ਰਾਤ ਦਰਿਆ ਤੋਂ ਪਾਣੀ ਦੀ ਗਾਗਰ ਲੈ ਕੇ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਾਉਂਦੇ ਸਨ। ਇਕ ਰਾਤ ਜਦ ਪਾਣੀ ਦੀ ਗਾਗਰ ਲੈ ਕੇ ਵਾਪਸ ਮੁੜ ਰਹੇ ਸਨ ਤਾਂ ਉਸ ਵੇਲੇ ਬੱਦਲ ਛਾਏ ਹੋਏ ਸਨ ਤੇ ਰਾਤ ਅਨ੍ਹੇਰੀ ਸੀ। ਰਾਹ ਵਿਚ ਮੀਂਹ ਵਰ੍ਹ ਪਇਆ। ਅਨ੍ਹੇਰੇ ਕਾਰਨ (ਗੁਰੂ) ਅਮਰਦਾਸ ਜੀ ਦਾ ਇਕ ਪੈਰ ਜੁਲਾਹੇ ਦੀ ਖੱਡੀ ਵਿਚ ਪਿਆ ਤੇ ਉਹ ਡਿੱਗ ਪਏ। ਜੁਲਾਹਾ ਅੰਦਰ ਸੀ ਤੇ ਉਸ ਨੇ ਜੁਲਾਹੀ ਤੋਂ ਪੁਛਿਆ, ਕਿ ਇਹ ਕਾਹਦਾ ਖੜਾਕ ਹੋਇਆ ਹੈ?

ਉਹ ਬੋਲੀ, ਇੰਜ ਪ੍ਰਤੀਤ ਹੁੰਦਾ ਹੈ ਕਿ ਕੋਈ ਤਿਲ੍ਹਕ ਪਿਆ ਹੈ, ਸ਼ਾਇਦ ਅਮਰੂ ਨਿਥਾਵਾਂ ਹੋਵੇਗਾ, ਜੋ ਇਸ ਵੇਲੇ ਪਾਣੀ ਲੈ ਕੇ ਆਇਆ ਕਰਦਾ ਹੈ।

ਸਵੇਰੇ ਗੁਰੂ ਅੰਗਦ ਦੇਵ ਜੀ ਨੇ ਪਹਿਲਾਂ ਬਾਬਾ ਅਮਰ ਦਾਸ ਕੋਲੋਂ ਪੁਛਿਆ, ਕਿ ਅੱਜ ਸਵੇਰੇ ਕੀ ਵਾਪਰੀ? ਤਾਂ ਉਹਨਾਂ ਬੜੀ ਭਾਵ-ਪੂਰਤ ਗੱਲ ਆਖੀ–

ਮਿੱਤਰ ਪਿਆਰੇ ਦੀ ਨੂਰਾਨੀ ਧਰਤੀ (ਦਿਲ) ਸੰਸਾਰ ਦੇ ਹਾਲਾਤ ਪ੍ਰਗਟਾਉਣ ਵਾਲਾ ਸ਼ੀਸ਼ਾ ਹੈ। ਆਪਣਾ ਹਾਲ ਦੱਸਣ ਦੀ ਕੀ ਲੋੜ ਹੈ।

ਗੁਰੂ ਜੀ ਨੇ ਉਸ ਜੁਲਾਹੇ ਜੁਲਾਹੀ ਨੂੰ ਬੁਲਾਇਆ ਤੇ ਭਰੇ ਦਰਬਾਰ ਵਿਚ ਕਿਹਾ ਕਿ ਜੋ ਰਾਤ ਨੂੰ ਬੀਤੀ ਹੈ ਸੱਚੋ ਸੱਚ ਆਖੋ।

ਜੁਲਾਹੀ ਨੇ ਕਿਹਾ, ਹਾਂ, ਮੇਰੇ ਮੂੰਹੋਂ ਸੁਭਾਵਕ ਨਿਕਲ ਗਿਆ ਸੀ ਕਿ 'ਅਮਰੂ ਨਿਥਾਵਾਂ ਹੋਵੇਗਾ।'

ਇਹ ਸੁਣ ਕੇ ਗੁਰੂ ਜੀ ਦੀਆਂ ਅੱਖਾਂ ਵਿਚ ਪਿਆਰ ਦੇ ਹੰਝੂ ਆ ਗਏ ਤੇ (ਗੁਰੂ) ਅਮਰਦਾਸ ਨੂੰ ਗਲ ਨਾਲ ਲਗਾ ਲਿਆ ਤੇ ਸਭ ਦੇ ਸਾਹਮਣੇ ਉੱਚੀ ਉੱਚੀ ਫੁਰਮਾਇਆ–

ਅਮਰਦਾਸ ਨਿਥਾਵਾਂ ਨਹੀਂ ਸਗੋਂ ਨਿਥਾਵਿਆਂ ਦਾ ਥਾਉਂ, ਨਿਘਰਿਆਂ ਦਾ ਘਰ, ਬੇ-ਪਨਾਹਵਾਂ ਦੀ ਪਨਾਹ, ਗਰੀਬ-ਨਿਵਾਜ, ਕਾਰਣ ਕਰਣ, ਸਮਰੱਥ, ਤੀਜਾ ਗੁਰੂ ਨਾਨਕ ਹੈ।

ਉਸ ਜੁਲਾਹੇ ਨੂੰ ਦੂਜਾ ਮੁਕਾਮ ਬਖਸ਼ਿਆ ਤੇ ਜੁਲਾਹੇ ਦੀ ਖੱਡੀ ਨੂੰ ਪਾਵਨ ਤੇ ਆਦਰ ਯੋਗ ਅਸਥਾਨ ਮਿਥਿਆ ਤੇ ਹੁਕਮ ਕੀਤਾ ਕਿ ਉਸ ਖੱਡੀ ਕੋਲ ਹੀ ਉਹਨਾਂ ਦਾ ਡੇਰਾ ਬਣਾਇਆ ਜਾਵੇ। ਜੁਲਾਹੇ ਦੀ ਕਿੱਲੀ, ਜਿਹੜੀ ਸ਼ਰੀਂਹ ਦੇ ਰੁਖ ਦੀ ਮੁੱਖੀ ਸੀ ਤੇ ਜਿਸ ਨਾਲ ਠੁੱਡਾ ਖਾ (ਗੁਰੂ) ਅਮਰਦਾਸ ਜੀ ਡਿੱਗ ਪਏ ਸਨ, ਹਰੀ ਭਰੀ ਹੋ ਗਈ।


www.AKJ.Org

ਦੋਵਾਂ ਪੁੱਤਰਾਂ ਰੋਸ ਮਨਾਇਆ। ਦਾਸੂ ਜੀ ਤਾਂ ਕੁਝ ਚਿਰ ਪਿਛੋਂ ਗੁਰੂ-ਦਰ ਹਾਜ਼ਰ ਹੋ ਗਏ, ਪਰ ਦਾਤੂ ਜੀ ਸਿਧਾਸਣ ਸਿਖਣ ਵਿਚ ਲਗ ਪਏ। ਭਰੇ ਦਰਬਾਰ ਵਿਚ ਉਸ ਨੇ ਸਾਹਿਬ ਗੁਰੂ ਅਮਰ ਦਾਸ ਜੀ ਨੂੰ ਲੱਤ ਮਾਰੀ ਤਾਂ ਗੁਰੂ ਪਾਤਸ਼ਾਹ ਨੇ ਉਸ ਦੇ ਪੈਰ ਪਕੜ ਲਏ ਤੇ 'ਤੁਹਾਡੇ ਚਰਨ ਕੋਮਲ ਤੇ ਮੇਰੇ ਹੱਡ ਕਰੜੇ' ਆਖ ਨਿਮਰਤਾ ਤੇ ਖਿਮਾ ਦੀ ਹੱਦ ਦੱਸੀ। ਅਹੰਕਾਰੀ ਦਾਤੂ ਦਾ ਪੈਰ ਪੀੜਾਂ ਨਾਲ ਐਸਾ ਵਿਗੜਿਆ ਕਿ ਪਿਛੋਂ ਗੁਰੂ ਅਰਜਨ ਜੀ ਦੀ ਚਰਨ-ਛੁਹ ਨਾਲ ਹੀ ਠੀਕ ਹੋ ਸਕਿਆ। ਮਾਤਾ ਖੀਵੀ ਜੀ ਨੇ ਦਾਤੂ ਜੀ ਦਾ ਕਠੋਰਪੁਣਾ ਦੇਖ ਕਦੇ ਹਾਮੀ ਨਾ ਭਰੀ। ਇਹ ਵੀ ਉਨ੍ਹਾਂ ਦੀ ਵਡਿਆਈ ਸੀ ਕਿ ਮਨਮੁੱਖ ਦਾ ਸਾਥ ਨਾ ਦਿਤਾ।

ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਆਪ ਜੀ ਉਸੇ ਤਰ੍ਹਾਂ ਸੇਵਾ ਵਿਚ ਜੁਟੇ ਰਹੇ। ਗੁਰੂ ਅਮਰਦਾਸ ਜੀ ਵੇਲੇ ਲੰਗਰ ਵਿਚ ਨਿਤ ਘਿਉ ਮੈਦਾ ਪੱਕਦਾ ਤੇ ਰਬਾਬੀ ਸੱਤੇ ਜੀ ਨੇ ਫਿਰ 'ਨਿਤ ਰਸੋਈ ਤੇਰੀਐ, ਘਿਉ ਮੈਦਾ ਖਾਣੁ'* ਦੀ ਧੁਨੀ ਉਠਾਈ।

ਕਨ੍ਹਈਆ ਲਾਲ ਲਿਖਦਾ ਹੈ ਕਿ ਗੁਰੂ ਅਮਰ ਦਾਸ ਜੀ ਦਾ ਲੰਗਰ ਹਰ ਵੇਲੇ ਜਾਰੀ ਰਹਿੰਦਾ ਸੀ, ਜਿਸ ਵਿਚ ਭਾਂਤ ਭਾਂਤ ਦੇ ਭੋਜਨ ਸਦਾ ਹੀ ਪੱਕਦ ਰਹਿੰਦੇ ਸਨ ਤੇ ਹਰ ਕਿਸੇ ਨੂੰ ਇਕੋ ਜਿਹਾ ਹਿੱਸਾ ਮਿਲਦਾ ਸੀ। ਆਪ ਗੁਰੂ ਜੀ ਜੌਆਂ ਦਾ ਅਲੂਣਾ ਦਲੀਆ ਖਾਂਦੇ ਸਨ ਤੇ ਦਿਨ ਰਾਤ ਵਾਹਿਗੁਰੂ ਦੀ ਯਾਦ ਵਿਚ ਰਹਿੰਦੇ। ਲੰਗਰ ਵਿਚ ਚਹੁੰਆਂ ਵਰਨਾਂ ਦੇ ਲੋਕ ਇਕ ਥਾਂ ਪ੍ਰਸ਼ਾਦ ਛਕਦੇ ਸਨ। ਜੋ ਵੀ ਦਰਸ਼ਨ ਲਈ ਹਾਜ਼ਰ ਹੁੰਦਾ, ਉਸ ਲਈ ਸ਼ਰਤ ਹੁੰਦੀ ਸੀ ਕਿ ਪਹਿਲਾਂ ਲੰਗਰ ਦਾ ਪਵਿੱਤਰ ਪ੍ਰਸ਼ਾਦ ਛੱਕ ਕੇ ਆਵੇ। 'ਪਹਿਲੇ ਪੰਗਤ, ਪਾਛੇ ਸੰਗਤ' ਗੁਰੂ ਦਾ ਹੁਕਮ ਸੀ। ਜੇ ਕੋਈ ਲੰਗਰ ਦਾ ਪ੍ਰਸ਼ਾਦ ਨਾ ਛੱਕਦਾ, ਉਸ ਨੂੰ ਦਰਸ਼ਨ ਨਸੀਬ ਨਾ ਹੁੰਦਾ।

ਇਸ ਤੋਂ ਇਹ ਜਾਣਨਾ ਪੈਂਦਾ ਹੈ ਕਿ ਜੋ ਲੀਹ ਮਾਤਾ ਖੀਵੀ ਜੀ ਨੇ ਲੰਗਰ ਵਰਤਾਉਣ ਦੀ ਪਾਈ ਸੀ, ਉਹ ਟੁਰਦੀ ਰਹੀ। ਗੁਰੂ ਅਮਰ ਦਾਸ ਜੀ ਵੀ ਲੰਗਰ ਦੇ ਭਾਂਡੇ ਰਾਤ ਨੂੰ ਖ਼ਾਲੀ ਕਰ ਕੇ ਹੀ ਸੌਂਦੇ। ਨਿੱਜ ਲਈ ਕੁਝ ਨਾ ਰੱਖਦੇ ਜਾਂ ਸੰਭਾਲਦੇ।

ਮਾਤਾ ਖੀਵੀ ਜੀ ਬਿਰਧ ਹੋਣ ਕਰਕੇ ਫਿਰ ਖਡੂਰ ਵਾਪਸ ਮੁੜ ਆਏ ਤੇ ਦਾਸੂ ਜੀ ਪਾਸ ਰਹਿਣ ਲਗੇ। ਜਦ ਸ੍ਰੀ ਅੰਮ੍ਰਿਤਸਰ ਵਸ ਗਿਆ ਤਾਂ ਆਪ ਜੀ ਕੁਝ ਚਿਰ ਲਈ ਸ੍ਰੀ ਅੰਮ੍ਰਿਤਸਰ ਵੀ ਰਹੇ। ਆਪ ਜੀ ਨੇ ਸੰਨ ੧੫੮੨ ਈ: ਨੂੰ ਖਡੂਰ ਸਾਹਿਬ ਹੀ ਅਕਾਲ ਚਲਾਣਾ ਕੀਤਾ ਤੇ ਗੁਰੂ ਅਰਜਨ ਦੇਵ ਜੀ ਆਪੂੰ ਸਸਕਾਰ ਵੇਲੇ ਪੁੱਜੇ।

> ਗੱਲ ਕੀ, ਮਾਤਾ ਖੀਵੀ ਜੀ "ਇਕ ਅਤਿ ਠਹਿਰੇ ਸੁਭਾਅ ਦੇ ਮਾਲਕ, ਸ਼ਰਮ ਦੇ ਪੁਤਲੇ, ਅਕਲ ਦੇ ਕੋਟ, ਦਾਤੇ, ਹੱਥ ਖੁਲ੍ਹੇ, ਧਰਮ ਦੀ ਮੂਰਤ, ਸਦਾ ਰਜ਼ਾ ਵਿਚ ਰਾਜ਼ੀ ਅਤੇ ਹਮੇਸ਼ਾ ਖੇੜੇ ਵਿਚ ਰਹਿਣ ਵਾਲੇ ਐਸੇ ਵਿਅਕਤੀ ਸਨ ਜਿਨ੍ਹਾਂ ਦੀ ਸੰਘਣੀ ਛਾਂ ਸਦਾ ਠੰਢਕ ਪਹੁੰਚਾਂਦੀ ਰਵ੍ਹੇਗੀ।"

---

*ਸਤੇ ਬਲਵੰਡ ਦੀ ਵਾਰ, ਅੰਕ ੬, ਪੰਨਾ ੯੬੮

---


# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਜੇਲ੍ਹ ਚਿੱਠੀਆਂ | ੩੫-੦੦ | ਗੁਰਮਤਿ ਸੱਚ ਨਿਰਣੈ | ੧੫-੦੦ |
| ਰੰਗਲੇ ਸੱਜਣ | ੨੦- ੦ | ਅਣਡਿਠੀ ਦੁਨੀਆ | ੧੯-੦੦ |
| ਗੁਰਮਤਿ ਗੌਰਵਤਾ | ੩੨-੦੦ | ਸੱਚਖੰਡ ਦਰਸ਼ਨ | ੭-੫੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੭-੫੦ |
| ਕਥਾ ਕੀਰਤਨ | ੧੬-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ | ਆਸਤਕ ਤੇ ਨਾਸਤਕ | ੦-੭੫ |
| ਅੰਮ੍ਰਿਤ ਕੀ ਹੈ | ੩-੦੦ | ਨਾਮ ਸੰਬੰਧੀ ਵਿਚਾਰ | ੧-੭੫ |
| ਅੰਮ੍ਰਿਤ ਕਲਾ ੧-੫੦ ਗੁਰਮਤਿ ਰਮਜ਼ਾਂ | ੨-੫੦ | ਬਾਬਾ ਵੈਦ ਰੋਗੀਆਂ ਦਾ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧੁ ਹੈ | ੧-੦੦ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | [illegible] ਤੋਂ ਉਜਿਆਰਾ | ੧-੦੦ |

www.AKJ.Org

# ਜਗਤ-ਜੂਠ ਤੰਬਾਕੂ ਨਾ ਸੇਵ

[ਸ: ਬਲਵਿੰਦਰ ਸਿੰਘ ਜੀ ਕਾਨ੍ਹਪੁਰ]

ਇਹ ਗੱਲ ਕਿੰਨੇ ਮਹਾਨ ਗੌਰਵ ਦੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜੋ ਹੁਕਮ ਕੀਤਾ ਸੀ 'ਜਗਤ-ਜੂਠ ਤੰਬਾਕੂ ਨਾ ਸੇਵ' ਅੱਜ ਕਿਸ ਤਰ੍ਹਾਂ ਸੂਰਜ ਵਾਂਗੂ ਸਾਰੇ ਸੰਸਾਰ ਨੂੰ ਚਾਨਣ ਦੇ ਰਿਹਾ ਹੈ। ਨਿਰਾ ਇੰਗਲੈਂਡ, ਯੋਰਪ, ਅਮਰੀਕਾ, ਹੋਰ ਵਿਕਸਿਤ ਜਾਂ ਵਿਕਾਸਸ਼ੀਲ ਦੇਸ਼ ਹੀ ਨਹੀਂ, ਸਗੋਂ ਸਾਰੇ ਸੰਸਾਰ ਦੇ ਗਿਆਨੀ ਤੇ ਵਿਗਿਆਨੀ ਇਸ ਲਾਹਨਤ ਦੇ ਵਿਰੁੱਧ ਕਮਰਬੰਦ ਹੋ ਕੇ ਲਾਮਬੰਦ ਹੋ ਗਏ ਹਨ। ਗੱਡੀਆਂ, ਬੱਸਾਂ, ਹਵਾਈ ਜਹਾਜ਼ਾਂ, ਦਫ਼ਤਰਾਂ, ਪਾਰਕਾਂ, ਸਾਰਵਜਨਿਕ ਥਾਵਾਂ ਤੇ ਤੰਬਾਕੂ ਪੀਣ ਦੀ ਸਖ਼ਤ ਮਨਾਹੀ ਕੀਤੀ ਜਾ ਰਹੀ ਹੈ, ਤਾਂਕਿ ਇਸ ਨਸ਼ੇ ਦਾ ਦੈਂਤ ਮਾਨਵਤਾ ਦੀਆਂ ਅਗਲੀਆਂ ਨਸਲਾਂ ਨੂੰ ਖਾ ਹੀ ਨਾ ਜਾਏ। ਵਿਸਥਾਰ ਵਿਚ ਨਾ ਜਾ ਕੇ ਮੈਂ ਕੱਲ੍ਹ ਦੀ ਹੀ ਗੱਲ ਕਰਦਾ ਹਾਂ ਕਿ ਤੰਬਾਕੂ-ਕੰਪਨੀਆਂ ਦੇ ਮਾਲਕਾਂ ਦੇ ਦਰਮਿਆਨ ਇਹ ਬਹਿਸ ਚੱਲ ਰਹੀ ਹੈ ਕਿ ਸਿਗਰੇਟ-ਨੋਸ਼ੀ ਨੂੰ ਜੇ ਇੰਨੀ ਸਖ਼ਤੀ ਨਾਲ ਦਬਾਇਆ ਗਿਆ ਤਾਂ ਉਹਨਾਂ ਕੰਪਨੀਆਂ ਦਾ ਦਿਵਾਲਾ ਹੀ ਨਿਕਲ ਜਾਏਗਾ। ਇਸ ਤੇ ਬੜੀ ਜੋੜ-ਤੋੜ ਹੋ ਰਹੀ ਹੈ। ਧੰਨ ਹਨ ਗੁਰੂ ਪਿਤਾ, ਧੰਨ ਹਨ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਇਸ ਨੂੰ ਸੈਂਕੜੇ ਵਰ੍ਹੇ ਪਹਿਲਾਂ ਸਿਰਫ਼ ਸਮਝਿਆ ਹੀ ਨਹੀਂ, ਸਗੋਂ ਨਾ ਸੇਵਨ ਲਈ ਹੁਕਮ ਕਰ ਦਿਤਾ।

ਤੰਬਾਕੂ ਦੀ ਗੱਲ ਤਾਂ ਤਿੰਨ ਸੌ ਸਾਲ ਪੁਰਾਣੀ ਹੈ, ਪਰ ਸ਼ਰਾਬ ਦੀ ਮਨਾਹੀ ਤੇ ੫੦੦ ਵਰ੍ਹੇ ਪਹਿਲਾਂ ਕੀਤੀ ਹੈ, ਇਹ ਤਾਂ ਐਵੇਂ ਹੁੱਜਤ ਹੀ ਹੈ। ਵਿਗਿਆਨੀਆਂ ਨੇ ਸ਼ਰਾਬ ਨੂੰ ਤੰਬਾਕੂ ਤੋਂ ਘੱਟ ਨਖਿੱਧ ਨਹੀਂ ਦੱਸਿਆ। ਇਕ ਰਿਪੋਰਟ ਮੁਤਾਬਿਕ ਪਿਛਲੇਰੇ ਵਰ੍ਹੇ ਇੰਗਲੈਂਡ ਦੇ ਪੱਬਾਂ ਵਿਚ ੪ ਲੱਖ ੪੦ ਹਜ਼ਾਰ ਲੀਟਰ ਸ਼ਰਾਬ ਪੀਤੀ ਜਾਂ ਪਿਆਈ ਗਈ ਸੀ, ਪਰ ਪਿਛਲੇ ਵਰ੍ਹੇ ੩ ਲੱਖ ੮੦ ਹਜ਼ਾਰ ਲੀਟਰ ਸ਼ਰਾਬ ਦੀ ਵਰਤੋਂ ਹੋਈ। ਇਹ ਗੁਰੂ ਦੀ ਵਡਿਆਈ ਹੀ ਪ੍ਰਗਟ ਹੋ ਰਹੀ ਹੈ। ਸਾਰੀ ਦੁਨੀਆ ਜਾਗ ਪਈ ਹੈ।

ਵਿਗਿਆਨੀ ਤੇ ਡਾਕਟਰ ਚੌਕੀਦਾਰਾਂ ਵਾਂਗ ਹੋਕਾ ਦੇ ਰਹੇ ਹਨ, ਪਰ ਅਸੀਂ ਗੁਰੂ ਕੇ ਸਿੱਖ ਖ਼ਬਰੇ ਕਿਉਂ ਅਜੇ ਸੁੱਤੇ ਪਏ ਹਾਂ। ਸ਼ਾਇਦ ਅਸੀਂ ਸੁੱਤੇ ਸੁੱਤੇ ਹੀ ਲੁਟੇ ਜਾਣਾ ਚਾਹੁੰਦੇ ਹਾਂ। 'ਸਤਿਗੁਰੂ ਜਾਗਤਾ ਹੈ ਦੇਉ' ਹੋਕਾ ਦੇ ਰਿਹਾ ਹੈ। ਨਾ ਸੰਭਲੇ ਤਾਂ ਹੌਕੇ ਭਰਦੇ ਰਹਾਂਗੇ। ਹਲਕੇ ਤਾਂ ਹੋ ਗਏ ਹਾਂ ਨਸ਼ਿਆਂ ਨਾਲ, ਹਲਕੇ ਹੋ ਗਏ ਤਾਂ ਵਢੂੰ-ਵਢੂੰ ਜਾ ਕਰਨ ਲਗ ਪਈਏ। ਅਜੇ ਕੁਝ ਨਹੀਂ ਵਿਗੜਿਆ, ਇਹੀਓ ਵੇਲਾ ਹੈ ਸੰਭਲਣ ਦਾ।

ਸ਼ਰਾਬ ਨੂੰ ਤ੍ਰਿਸਕਾਰੀਏ, ਜਗਤ-ਜੂਠ ਤੰਬਾਕੂ ਨੂੰ ਦੁਰਕਾਰੀਏ ਤੇ ਅੰਜਾਣ ਨਸ਼ਈਆਂ ਨੂੰ ਰਜ-ਰਜ ਕੇ ਪਿਆਰੀਏ ਤੇ ਕਹੀਏ ਕਿ ਆਓ ਦੋਸਤੋ, ਭਰਾਵੋ, ਵੀਰੋ! ਗੁਰੂ ਦੀ ਗੱਲ ਸੁਣੋ।

ਸ਼ਬਦ-ਗੁਰੂ ਸਹਿਜ ਦਾਤਾ ਹੈ, ਨਸ਼ੇ ਸਹਿਜ-ਹਰਤਾ ਹਨ। ਸ਼ਬਦ-ਗੁਰੂ ਅੱਖਾਂ ਤੋਂ ਅਗਿਆਨ ਦਾ ਪਰਦਾ ਲਾਹੁੰਦਾ ਹੈ, ਨਸ਼ੇ ਪੜਦਾ ਨਹੀਂ ਪਾਉਂਦੇ, ਸਗੋਂ ਅੰਨ੍ਹਿਆਂ ਹੀ ਕਰ ਛੱਡਦੇ ਹਨ।

['ਸਾਡਾ ਵਿਰਸਾ-ਸਾਡਾ ਗੌਰਵ' ਜੁਲਾਈ ੯੧ ਵਿਚਲੇ ਲੇਖ ਵਿਚੋਂ


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿਤਰ ਭਾਈ ਸਾਹਿਬ ਰਣਧੀਰ ਸਿੰਘ ਜੀ [ਕਈ ਵਾਧੇ, ੧੦ ਚਿਤਰ, ੭੭੨ ਪੰਨੇ, ਸੁੰਦਰ ਦੱਖ] ੧੦-੦੦

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸ ਕਲਾ [ਭਾ: ਸਾਹਿਬ ਕ੍ਰਿਤ] | | ੧-੫੦ |
| ਕੇਸਕੀ [ਦਸਤਾਰ] | ੨-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | " | ੨-੦੦ |
| ਖਾਲਸਾ ਰਹਿਤ ਮਰਯਾਦਾ | ੩-੫੦ | ਕੀ ਕੇਸ ਰਖਣੇ ਜ਼ਰੂਰੀ ਹਨ ? | " | ੧-੦੦ |
| ਗੁਰਸਿਖ ਰਹਿਣੀ [ਪ੍ਰੋ: ਅਮਰਜੀਤ ਕੌਰ] | ੨-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | " | ੧-੦੦ |
| ਵਉ ਕਿਉ ਮੁਰਗੀ ਮਾਰੈ [ਤਲਵਾੜਾ ਜੀ] | ੨-੦੦ | ਗੁਰਮਤਿ ਅਨਹਦ ਸ਼ਬਦ | " | ੧-੦੦ |
| HAIR—A Divine Gift | 1-00 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | " | ੦-੭੫ |
| Dawn of Divine wisdom | 1-50 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | " | ੧-੫੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੨-੦੦ | ਜਬ ਲਗ ਖਾਲਸਾ ਰਹੈ ਨਿਆਰਾ | " | ੧-੦੦ |
| ਗੁਰਬਾਣੀ ਰਹਿਤਨਾਮਾ | ੧-੫੦ | ਖਾਲਸਾ ਜੀ ਦਾ ਗੁਰਮਤਿ ਆਦਰਸ਼ | " | ੦-੭੫ |


www.AKJ.Org

ਵਾਰ–

# ਦੂਜਿਆਂ ਦੀਆਂ ਨਜ਼ਰਾਂ ਵਿਚ ਖਾਲਸਾ

[ਸ: ਅਤਰ ਸਿੰਘ 'ਨੀਰ', 95 ਸ਼ੀਤਲ ਅਪਾਰਟਮੈਂਟ, ਸੈਕਟਰ-14, ਰੋਹਣੀ, ਦਿੱਲੀ-85]

ਕਲਗੀਆਂ ਵਾਲੇ ਗੁਰੂ ਦੇ ਸਿੱਖਾਂ ਦੀਆਂ ਸ਼ਾਨਾਂ।
ਚਮਕਣ ਵਿਚ ਅਸਮਾਨ ਦੇ ਜਿਉਂ ਚੰਨ ਅਸਮਾਨਾਂ।
ਦੁਨੀਆ ਸਿੱਕਾ ਮੰਨਦੀ ਹੈ ਸੀਸ ਝੁਕਾਂਦੀ।
ਹਰ ਕੁਈ ਇਹਦੇ ਕਿਰਦਾਰ ਤੋਂ ਹੈ ਸਦਕੇ ਜਾਂਦੀ।
ਜੀਣਾ, ਮਰਨਾ ਦੂਜਿਆਂ ਲਈ ਕਰਨੀ ਕੁਰਬਾਨੀ।
ਜੱਗ ਦੇ ਅੰਦਰ ਇਨ੍ਹਾਂ ਦਾ, ਨਹੀਂ ਕੋਈ ਵੀ ਸਾਨੀ।
ਲੋਕ ਸੇਵਾ ਨਿਸ਼ਕਾਮਤਾ ਦੀ ਜੋਤੀ ਜਗੇ।
ਮਾਨ ਮੋਹ ਤੇ ਲੋਭ ਦੀ ਕੋਈ ਲਾਗ ਨ ਲਗੇ।
ਦੁਸ਼ਮਨ ਵੀ ਹਨ ਮੰਨਦੇ ਇਸ ਦੀ ਚੰਗਿਆਈ।
ਦੇਸ਼-ਪਿਆਰ ਬਹਾਦਰੀ ਕੌਮੀ ਚਤੁਰਾਈ।
ਸੰਨ ਇਕੱਤਰ ਉਨੀ ਸੌ ਦਸੰਬਰ ਤੀਜੀ।
ਹਿੰਦ ਤੇ ਚਾੜ੍ਹੇ, ਅਸਾਂ ਨੇ ਸਨ ਪਾਕੀ ਫੌਜੀ।
'ਕਰਾਈਸਿਸ ਔਫ ਲੀਡਰਸ਼ਿਪ' ਕਿਤਾਬ ਅੰਗਰੇਜ਼ੀ।
ਰੀਟਾਇਰਡ ਜਨਰਲ ਪਾਕ ਦੇ ਮੁਕੀਸ਼ ਨੇ ਲਿਖੀ।
ਪੰਨਾ ਦੋ ਸੌ ਪੰਜਾਹਵਾਂ ਖੋਲ੍ਹੋ ਤੇ ਬੋਲੋ।
ਇਕ ਇਕ ਅਖਰ ਲਿਖਿਆ ਫਿਰ ਉਸਦਾ ਤੋਲੋ।
"ਬਾਰਡਰ ਹਿੰਦੁਸਤਾਨ ਦੇ ਤੇ ਹੁਸੈਨੀ ਵਾਲੇ।
ਕਾਬੂ ਪਾਇਆ ਅਸਾਂ ਨੇ, ਭਜੇ ਰਖਵਾਲੇ।
ਫੌਜ ਅਸਾਡੀ ਵਧ ਰਹੀ ਸੀ ਅਗੇ ਅਗੇ।
ਭਾਰਤੀ ਨਸੇ ਜਾਣ ਪਏ ਜਿਉਂ ਹਾਰੇ ਢਗੇ।
ਚੌਕੀ ਕੈਸਰੇ ਹਿੰਦ ਦੀ, ਸਾਡੇ ਫੌਜੀਆਂ ਘੇਰੀ।
ਅਗੇ ਟੁਕੜੀ ਸਿੱਖਾਂ ਦੀ ਨਾਲ ਬੜੀ ਦਲੇਰੀ।
ਖੜ ਗਈ ਸਾਹਵੇਂ ਆਣ ਕੇ, ਬਣ ਕੇ ਕੰਧ ਲੋਹੀ।
ਰੋਕਿਆ ਸਾਡੀ ਫੌਜ ਨੂੰ ਕਿ ਹੱਦ ਨ ਕੋਈ।
'ਸਤਿ ਸ੍ਰੀ ਅਕਾਲ' ਦੇ ਨਾਹਰਿਆਂ, ਅਸਮਾਨ ਗੁੰਜਾਇਆ।
ਭੁੱਖੇ ਸ਼ੇਰਾਂ ਵਾਂਗਰਾਂ, ਉਨ੍ਹਾਂ ਭੜਥੂ ਪਾਇਆ।
ਜੋਸ਼ ਉਨ੍ਹਾਂ ਦਾ ਉਸ ਵਕਤ ਸੀ ਵੇਖਣ ਵਾਲਾ।
ਪਾਕੀ ਫੌਜ ਦਾ ਕਰ ਦਿਤਾ, ਉਨ੍ਹਾਂ ਢਿਲਾ ਚਾਲਾ।
ਲੜਦੇ ਲੜਦੇ ਆ ਗਏ, ਉਹ ਬਿਲਕੁਲ ਸਾਹਵੇਂ।
ਝਪਟ ਝਪਟ ਕੇ ਇਕ ਦੂਏ ਦੇ ਪੈਣ ਗਲਾਵੇਂ।
ਸਿੱਖਾਂ ਦਾ ਪਰ ਪਲੜਾ, ਹਰ ਵੇਲੇ ਭਾਰੀ।
ਪਾਕਿਸਤਾਨ ਦੇ ਫ਼ੌਜੀਆਂ ਦੇ ਮੂੰਹ ਵਿਸਾਰੀ।
ਘੂਰ ਘੂਰ ਸਿਖ ਝਪਟਦੇ, ਜਿਉਂ ਬਾਘੜ ਬਿਲੇ।
ਸੁਪਨੇ ਸਭ ਪਾਕਿਸਤਾਨ ਦੇ, ਵਿਚ ਮਿੱਟੀ ਮਿਲੇ।
ਸਤਿ ਸ੍ਰੀ ਅਕਾਲ ਦੇ ਗੂੰਜਦੇ, ਸਾਹ ਸਾਹ ਤੇ ਨਾਹਰੇ।
ਬਿਲੋਚੀ ਰਜਮੰਟ ਦੇ ਕਰਨਲ ਜਨਰਲ ਗਏ ਬਹੁਤੇ ਮਾਰੇ।
ਮੇਜਰ ਜ਼ਹੀਫ ਤੇ ਕੈਪਟਨ ਆਰਫ਼ ਵੀ ਉਡੇ।
ਡੋਰਾਂ ਕਟੇ ਰੁਲਦੇ ਜਿਉਂ ਧਰਤੀ ਤੇ ਗੁਡੇ।
ਮੁਰਦਾ ਡਿਗੇ ਪਾਕੀਆਂ ਦੀ ਨਹੀਂ ਸ਼ੁਮਾਰੀ।
ਮੁੱਠੀ ਭਰ ਹੀ ਸਿੱਖਾਂ ਨੇ ਇਉਂ ਮਾਰ ਸੀ ਮਾਰੀ।
ਕਚੀਆਂ ਲਿਲਾਂ ਵਾਂਗਰਾਂ ਰੁਲਦੇ ਪਏ ਭੁੰਜੇ।
ਪਰ ਸਿੱਖਾਂ ਦੇ ਹੌਸਲੇ ਉੱਚੇ ਦੇ ਉੱਚੇ।
ਬਿਲਡਿੰਗ ਪਕੀ ਬਣੀ ਜੋ ਚੌਕੀ ਦੀ ਉਚੀ।
ਕਾਬੂ ਆਪਣੇ ਕਰ ਲਈ, ਅਸਾਂ ਅੰਤ ਸਮੁਚੀ।
ਫਿਰ ਵੀ ਚੜ੍ਹ ਗਏ ਭਜ ਕੇ ਉਪਰ ਸਿਖ ਸਾਰੇ।
ਗੂੰਜੇ 'ਸਤਿ ਸ੍ਰੀ ਅਕਾਲ' ਦੇ ਉਥੇ ਵੀ ਨਾਹਰੇ।
ਸਤਿ ਸ੍ਰੀ ਅਕਾਲ ਤੇ ਗੋਲੀਆਂ ਦੀ ਵਾਰੋ ਵਾਰੀ।
ਕੀਤੀ ਵਰਖਾ ਉਨ੍ਹਾਂ ਨੇ ਡਾਢੀ ਹੀ ਭਾਰੀ।
ਅਗਲੇ ਦਿਨ ਵੀ ਉਨ੍ਹਾਂ ਨੇ ਭੜਥੂ ਪਾਇਆ।
ਰਹਿ ਗਏ ਅਸੀਂ ਸੋਚਦੇ ਕੁਝ ਸਮਝ ਨ ਆਇਆ।
ਆਖ਼ਰ ਟੈਂਕਾਂ ਸਾਡਿਆਂ ਉਹ ਮਨਜ਼ਲ ਢਾਹੀ।
ਤਾਂ ਹੀ ਉਨ੍ਹਾਂ ਬਹਾਦਰਾਂ ਸੀ ਸ਼ਹੀਦੀ ਪਾਈ।
ਫਿਰ ਵੀ ਉਨ੍ਹਾਂ ਦੇ ਗੂੰਜਦੇ ਹੋਏ ਜੈਕਾਰੇ।
ਚਾੜ੍ਹ ਲਿਆਏ ਸਿੱਖਾਂ ਦੇ ਉਥੇ ਦਲ ਭਾਰੇ।
ਟੈਂਕ ਉਡਾਏ ਅਸਾਂ ਦੇ ਭੰਨੇ ਤੋਪਖਾਨੇ।
ਨੀਵੀਆਂ ਪਾ ਲਈਆਂ ਗਰਦਨਾਂ ਖਾ ਮਾਰ ਅਸਾਂ ਨੇ।
ਨਾਲ ਅਸਾਡੇ ਇਸ ਤਰ੍ਹਾਂ ਢਾਕੇ ਵੀ ਹੋਈ।
ਸਿਖ ਬਹਾਦਰਾਂ ਨਾਲ ਨਹੀਂ ਮੁਕਾਬਲਾ ਕੋਈ।
ਚੜ੍ਹਦੀਆਂ ਕਲਾਂ ਚਿ ਦਿਸਦੇ ਹਨ 'ਨੀਰ' ਸਦਾ ਈ।
ਇਹ ਬਹਾਦਰ ਧੰਨ ਹਨ, ਧੰਨ ਇਨ੍ਹਾਂ ਦਾ ਸਾਈਂ।"


www.AKJ.Org

# ਐ ਜੀਵ !

[ਡਾ: ਹਰਦਿਆਲ ਸਿੰਘ ਬੈਂਸ, ਖਾਲਸਾ ਸਕੂਲ, ਵੈਨਕੂਵਰ, ਕੈਨੇਡਾ]

ਤੂੰ ਕਿਥੋਂ ਆਇਆ ? ਕਿਥੇ ਜਾਣਾ ? ਕਿਨ ਭੇਜਿਆ ਤੇ ਕਾਹਦੇ ਲਈ ?
ਤੂੰ ਕੀ ਹੈਂ ? ਕਉਣ ਤੈਨੂੰ ਬੰਨ੍ਹੇ ? ਕਉਣ ਛੁਡਾਵੇ ? ਕਦੇ ਸੋਚਿਆ ਹਈ ?
ਖਾਣਾ ਪੀਣਾ ਹਸਣਾ ਸਉਣਾ, ਕੀ ਤੇਰਾ ਜੀਵਨ-ਮਨੋਰਥ ਹੈ ?
ਸੋਚ ਜ਼ਰਾ, ਤੈਨੂੰ ਸੋਚ ਹੈ ਬਖਸ਼ਸ਼, ਤੇਰੀ ਸੋਚ ਕਿਤੇ ਹੋਰਥ ਹੈ।
ਚੰਗਾ ਮੰਦਾ ਸੋਚ ਤੂ ਸਕਦੈਂ, ਇਹ ਸੋਚਣ-ਸ਼ਕਤੀ ਬਖ਼ਸ਼ਸ਼ ਹੈ।
ਸੋਚ ਬਖ਼ਸ਼ੀ ਸਰਬ ਸ਼ਕਤੀਮਾਨ, ਇਹ ਦਾਤਿ, ਇਹ ਬਖ਼ਸ਼ਸ਼ ਹੈ।
ਜੋ ਸ਼ਕਤੀ ਤੇਰੀ ਵਿਤੋਂ ਬਾਹਰ, ਉਹ ਬਖਸ਼ਸ਼ ਹੈ, ਉਹ ਦਾਤਿ ਹੈ ਉਹਦੀ।
ਜੋ ਤੂੰ ਨਹੀਂ ਕਰਦਾ, ਤੇ ਕਰਾਉਂਦਾ ਉਹ ਹੈ, ਉਹ ਕਰਾਮਾਤ ਹੈ ਉਹਦੀ।

'ਸਭ ਮੈਂ ਜੋਤਿ ਜੋਤਿ ਹੈ' ਸੋਇ', ਜੋਤਾਂ ਮਾਲਕ ਜੋਤੀ ਹੈ ਉਹ।
ਜੋਤਿ ਹੈ ਦਾਤਿ ਸਰੀਰੀਂ ਪਾਈ, ਜੋਤਿ ਸੱਚੀ, ਵਿਚ ਜੋਤੀ ਹੈ ਉਹ।
ਤੁਰੇਂ ਫਿਰੇਂ ਤੂੰ ਹਸੇਂ ਖੇਡੇਂ, ਜਿਤਨਾ ਚਿਰ ਵਿਚ ਜੋਤਿ ਹੈ ਉਸਦੀ।
'ਜੋਤਿ ਜਾਣਾ' ਸਿਰ ਹੁਕਮ ਹੈ ਉਸਦਾ, ਸਭ ਸਰੀਰੀ ਖੇਡ ਹੈ ਮੁਕਦੀ।
ਸਰੀਰ ਹੈ ਝੂਠਾ ਬਿਨਸਨਹਾਰਾ, ਇਹ ਮਿੱਟੀ ਮੁੱਠ, ਪਰ ਜੋਤਿ ਨ ਮੁਕਦੀ।
ਝੂਠੀਆਂ ਸੋਚਾਂ ਝੂਠੀਆਂ ਟੇਕਾਂ ਬੰਧਨ ਬਣਦੀਆਂ ਨਾ ਹੋਵੇ ਮੁਕਤੀ।
ਉਹ ਹੈ ਸੱਚ, ਸੱਚ ਟੇਕ ਹੈ ਉਸਦੀ, ਸੱਚਾ ਜੀਵਨ ਤੇ ਸੱਚ ਹੀ ਜੁਗਤੀ।
ਬਣ ਸਚਿਆਰਾ ਸੱਚ ਕਮਾ ਕੇ, ਸੱਚ ਨੂੰ ਭਾਉਣਾ ਹੀ ਹੈ ਮੁਕਤੀ।

ਉਸਦਾ ਭੇਜਿਆ ਆਇਆ ਹੈਂ ਤੂੰ, ਉਸੇ ਕੋਲੋਂ ਤੂੰ ਆਇਆ ਹੈਂ।
ਉਸਨੂੰ ਮਿਲਣਾ ਜੀਵਨ-ਮਨੋਰਥ, ਜਿਸ ਸਾਸ ਗ੍ਰਾਸ ਜੀਵਾਇਆ ਹੈਂ।
ਤੂੰ ਹੈ ਜੋਤਿ, ਸਰੀਰ ਨਹੀਂ ਹੈ, ਪਰ ਉਲਟੀ ਸੋਚ ਭ੍ਰਮ ਬੰਨ੍ਹ ਪਈ।
ਉਸਦੀ ਸਾਰੀ ਖੇਡ ਹੈ ਸੱਚੀ, ਇਸ ਮਨ-ਮੰਨੇ, ਨ ਬੰਨ੍ਹ ਪਈ।
ਫੋਕੀ ਸਿਆਣਪ ਤੇ ਚਤਰਾਈ, ਹਿਕਮਤ ਹੁੱਜਤ ਬੰਨ੍ਹਦੀ ਹੈ।
ਸੱਚ ਦੀ ਟੇਕ, ਸੱਚ ਨਾਮ ਦੀ ਸ਼ਕਤੀ, ਬੰਧਨ ਸਾਰੇ ਭੰਨਦੀ ਹੈ।
ਤੂੰ ਹੈਂ ਸੀਲੈਕਟਿਵ, ਜੇ ਸੱਚ ਚੁਣੇਂ, ਛੱਡ ਝੂਠ, ਸਚਿਆਰ ਬਣ।
ਸੱਚੀ ਸੋਚ ਤੇ ਸੱਚ ਕਮਾ, ਸਚਿਆਰ ਬਣ, ਹੋਸ਼ਿਆਰ ਬਣ।

ਮਤਾਂ ਜਾਣੇ ਇਹ ਤੇਰੇ ਵੱਸ ਹੈ, ਇਹ ਸਭ ਕੁਝ ਉਸਦੀ ਦਾਤਿ ਹੈ।
ਛੱਡ ਹਉਮੈ ਤੂੰ ਹੋ ਤੂੰ ਕਰਦਾ, ਉਹੀ ਤੇਰੀ ਜ਼ਾਤ ਪਾਤ ਹੈ।
ਸੋਚ ਜ਼ਰਾ, ਜੋ ਮੰਨੀ ਬੈਠਾ ਹੈਂ, ਕੀ ਇਹ ਝੂਠ ਤੇ ਭਰਮ ਨਹੀਂ ?
ਜੋਤਿ ਸੱਚੀ ਤੇ ਸੱਚ ਕਮਾਉਣਾ, ਇਸ ਤੋਂ ਉਪਰ ਕਰਮ ਨਹੀਂ।
ਭੈ ਵਿਚ ਰਹਿਣਾ, ਮੰਨਣਾ ਹੁਕਮ ਉਸ, ਸ਼ਰਮ ਵਿਚ ਹੀ ਧਰਮ ਹੈ।
ਬੇਸ਼ਰਮੀ ਦਾ ਜੀਵਨ ਬਿਰਥਾ, ਇਹ ਕੁਕਰਮ ਹੈ, ਅਧਰਮ ਹੈ।
ਐ ਜੀਵ ਤੂੰ ਸੋਚ ਜ਼ਰਾ, ਇਹ ਸੋਚ ਸੱਚੀ ਤੇ ਸੁੱਚੀ ਹੈ।
ਹੋ ਮਸਤ ਇਸ, ਵਿਸਮਾਦ ਹੋ, ਇਹੀ ਸੋਚ ਸੱਚੀ ਤੇ ਸੁੱਚੀ ਹੈ।

# ਅਖੰਡ ਕੀਰਤਨੀ ਜਥਾ–ਸ੍ਵੈ ਪੜਚੋਲ (੨)

(ਲੜੀ ਜੋੜਨ ਲਈ ਵੇਖੋ 'ਸੂਰਾ' ਜਨਵਰੀ ੧੯੯੩)

## ਅੰਮ੍ਰਿਤ ਸੰਚਾਰ

### (ੳ) ਅੰਮ੍ਰਿਤ–ਆਤਮਿਕ-ਜਾਗ–

'ਨਾਮ-ਗੁਰਮੰਤ੍ਰ', ਜਿਸ ਦੇ ਸਾਸ ਗਿਰਾਸ ਸਿਮਰਨ ਬਾਰੇ ਗੁਰਬਾਣੀ ਬਾਰ ਬਾਰ ਤਾਕੀਦ ਕਰਦੀ ਹੈ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ, ਕਰਣੀ ਕਮਾਈ ਵਾਲੇ, ਪੰਜ ਤਿਆਰ-ਬਰ-ਤਿਆਰ, ਪੂਰਨ-ਜੋਤਿ-ਜਗੰਨੇ, ਪੰਜ ਪਿਆਰਿਆਂ ਦੁਆਰਾ ਪ੍ਰਾਪਤ ਹੁੰਦਾ ਹੈ। 'ਅੰਮ੍ਰਿਤ-ਪਾਨ' ਕੋਈ ਨਿਰੀ ਰਸਮ ਨਹੀਂ, ਸਗੋਂ ਇਹ ਜਗਿਆਸੂ ਨੂੰ ਦੀਖਿਅਤ ਕਰਨ ਦੀ ਗੁਰਮਤਿ-ਵਿਧੀ ਹੈ, ਅਥਵਾ ਇਹ ਆਤਮਕ-ਜਾਗ ਹੈ।

### ਅੰਮ੍ਰਿਤ-ਅਭਿਲਾਖੀਆਂ ਦੀ ਯੋਗਤਾ–

ਅਰੰਭ ਕਾਲ ਵਿਚ ਅਖੰਡ ਕੀਰਤਨੀ ਜਥੇ ਦੀ ਇਹ ਰਵਾਇਤ ਰਹੀ ਹੈ ਕਿ ਅੰਮ੍ਰਿਤ-ਅਭਿਲਾਖੀ ਸਜਣਾਂ ਲਈ ਪੰਜਾਂ ਪਿਆਰਿਆਂ ਦੇ ਪੇਸ਼ ਹੋਣ ਤੋਂ ਪਹਿਲਾਂ ਇਹ ਪ੍ਰੇਰਨਾ-ਮਈ ਸ਼ਰਤ ਹੁੰਦੀ ਸੀ ਕਿ ਸਮਾਗਮ ਦੇ ਸੰਬੰਧ ਵਿਚ ਅਰੰਭ ਹੋਏ ਸ੍ਰੀ ਅਖੰਡ ਪਾਠ ਸਾਹਿਬ ਵਿਚ ਵਧ ਤੋਂ ਵਧ ਹਾਜ਼ਰੀ ਭਰ ਕੇ ਗੁਰਬਾਣੀ ਸ੍ਰਵਣ ਕਰਨ*। ਕੇਵਲ ਸੌਚ ਇਸ਼ਨਾਨ ਤੇ ਅਲਪ ਅਹਾਰ ਆਦਿ ਲਈ ਹੀ ਸ੍ਰੀ ਅਖੰਡ-ਪਾਠ-ਮੰਡਲ ਵਿਚੋਂ ਬਾਹਰ ਜਾਣ ਦੀ ਆਗਿਆ ਹੁੰਦੀ ਸੀ। ਇਸ ਕਰੜੀ ਸਾਧਨਾ ਤੋਂ ਇਲਾਵਾ ਅੰਮ੍ਰਿਤ-ਅਭਿਲਾਖੀ ਸਜਣਾਂ ਦੀ ਜਗਿਆਸਾ ਬਾਰੇ ਕਾਫ਼ੀ ਘੋਖਵੀਂ ਪਰਖ ਨਿਰਖ ਕਰ ਕੇ ਹੀ ਪੰਚਾਂ ਵਲੋਂ ਅੰਮ੍ਰਿਤ ਛਕਾਉਣ ਦੀ ਪ੍ਰਵਾਨਗੀ ਦਿਤੀ ਜਾਂਦੀ ਸੀ। ਇਹ ਰਵਾਇਤ ਸਣੇ ਸਣੇ ਅਲੋਪ ਹੁੰਦੀ ਜਾ ਰਹੀ ਹੈ। ਹੁਣ ਸ੍ਰੀ ਅਖੰਡ ਪਾਠ-ਮੰਡਲਾਂ ਵਿਚ ਸਰੋਤਿਆਂ ਦੀ ਹਾਜ਼ਰੀ ਬਹੁਤ ਪਤਲੀ ਪੈ ਗਈ ਹੈ।

### ਅੰਮ੍ਰਿਤ ਸਿੰਚਾਰ ਲਈ ਪੰਜਾਂ ਪਿਆਰਿਆਂ ਦੀ ਚੋਣ–

ਅੰਮ੍ਰਿਤ ਦਾ ਰੰਗ ਗੂੜ੍ਹਾ ਤਾਂ ਹੀ ਚੜ੍ਹਦਾ ਹੈ ਜੇ ਇਕ ਪਾਸੇ ਤਾਂ ਅੰਮ੍ਰਿਤ-ਅਭਿਲਾਖੀ ਵਿਚ ਸਿਕ ਅਤੇ ਜਗਿਆਸਾ ਦਾ ਸੁਮੇਲ ਹੋਵੇ ਅਤੇ ਦੂਜੇ ਪਾਸੇ ਅੰਮ੍ਰਿਤ ਛਕਾਉਣ ਵਾਲੇ ਸਿੰਘ ਕਰਣੀ ਕਮਾਈ ਦੇ ਪੂਰੇ ਸੂਰੇ ਸਾਸ-ਗਿਰਾਸੀ ਨਾਮ ਅਭਿਆਸੀ ਹੋਣ। ਇਸ ਸੰਬੰਧੀ ਕੋਈ ਦੋ ਰਾਵਾਂ ਨਹੀਂ ਕਿ ਕੋਈ ਜਗਦਾ ਦੀਵਾ ਹੀ ਕਿਸੇ ਹੋਰ ਦੀਵੇ ਨੂੰ ਜਗਾਉਣ ਦੇ ਸਮਰੱਥ ਹੁੰਦਾ ਹੈ। ਸੋ 'ਪੂਰਨ ਜੋਤਿ ਜਗੈ ਘਟ ਮਹਿ'† ਦੀ ਪਾਰਸ ਕਲਾ ਵਾਲੇ ਪੂਰੇ ਸੂਰੇ ਸਿੰਘ ਸੁਜਾਨ ਜੋ ਪੰਜ ਪਿਆਰਿਆਂ ਦੀ ਸੇਵਾ ਵਿਚ ਹੋਵਣ ਤਾਂ ਅੰਮ੍ਰਿਤ ਦੀ ਕਲਾ ਪਰਤੱਖ ਵਰਤਦੀ ਹੈ, ਜਿਸ ਬਾਰੇ ਸੰਕੇਤ 'ਰੰਗਲੇ ਸੱਜਣ' ਅਤੇ 'ਜੋਤਿ ਵਿਗਾਸ' ਪੁਸਤਕਾਂ ਵਿਚ ਕਈ ਥਾਵੀਂ ਮਿਲਦਾ ਹੈ।

'ਜੋਤਿ ਵਿਗਾਸ' ਪੁਸਤਕ ਵਿਚ ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ ਦੀ ਆਤਮਿਕ ਬਿਵਸਥਾ ਬਾਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਲੋਂ ਸੰਕੇਤ ਕੀਤਾ ਮਿਲਦਾ ਹੈ:

ਐਸੇ ਪਿਆਰੜੇ ਪੰਚ ਇਸ ਜਥੜੇ ਦੇ ਜਿਨ ਸੁਦ੍ਰਿਸ਼ਟ ਪਰਸਨ ਮੋਅਜਜ਼ੋਲਿਆਂ ਦਾ।

[ਛੰਤ ਨੰ: ੩੯੬, ਪੰਨਾ ੬੧

ਪੁਰਾਤਨ ਗੁਰਸਿਖਾਂ ਤੋਂ ਸੁਣਿਆ ਹੈ ਕਿ ਸ੍ਰੀ ਅਖੰਡ ਪਾਠ ਦੀ ਸੇਵਾ ਵਿਚ ਗੁਰਬਾਣੀ ਦੇ ਆਸ਼ਕ ਅਤੇ ਪਾਠ ਵਿਚ ਪ੍ਰਬੀਨ ਸੱਜਣ ਹੀ ਲਏ ਜਾਂਦੇ ਸਨ। ਉਹ ਆਪੋ ਆਪਣੀ ਪਾਠ ਦੀ ਰੌਲ ਨਿਭਾਅ ਕੇ ਸ੍ਰੀ ਅਖੰਡ ਪਾਠ-ਮੰਡਲ ਵਿਚ ਹੀ ਰਹਿੰਦੇ ਸਨ। ਕੇਵਲ ਸੌਚ ਇਸ਼ਨਾਨ ਅਤੇ ਅਲਪ ਅਹਾਰ ਲਈ ਹੀ ਬਾਹਰ ਜਾਣਾ,

---

*ਸੁਣੋ ਪਾਠ ਸਾਰਾ ਸਾਵਧਾਨ ਹੋ ਕੇ, ਬਿਘਨ ਪਵੇ ਨ ਬਿੰਦ ਨਿੰਦ੍ਰੋਲਿਆਂ ਦਾ ॥੩੭੫॥ [ਜੋਤਿ ਵਿਗਾਸ, ਪੰਨਾ ੬੨]

†ਪਾ: ੧੦, ਤੇਤੀ ਸਵੱਯੇ, ਨੰਬਰ ੧


www.AKJ.Org

ਨਹੀਂ ਤ ਸਾਰਾ ਸਮਾਂ ਖ਼ੁਦ ਪਾਠ ਕਰਨ ਜਾਂ ਪਾਠ ਸ੍ਰਵਣ ਕਰਨ ਵਿਚ ਹੀ ਸਫਲ ਕਰਨਾ* । ਸ੍ਰੀ ਅਖੰਡ ਪਾਠ ਦੇ ਭੋਗ ਉਪ੍ਰੰਤ ਫਿਰ ਉਹਨਾਂ ਨੇ ਹੀ ਕੀਰਤਨ ਕਰਨ ਅਤੇ ਸ੍ਰਵਨ ਕਰਨ ਦੀ ਸੇਵਾ ਨਿਭਾਣੀ ਤੇ ਨਾਮ ਬਾਣੀ ਨਾਲ ਇਕ-ਸੁਰ ਹੋਏ ਹੋਏ ਉਹਨਾਂ ਸੱਜਣਾਂ ਨੇ ਹੀ ਪੰਜਾਂ ਪਿਆਰਿਆਂ ਦੇ ਰੂਪ ਵਿਚ ਅੰਮ੍ਰਿਤ ਛਕਾਉਣ ਦੀ ਸੇਵਾ ਨਿਭਾਣੀ। ਇੰਜ ਨਾਮ ਬਾਣੀ ਦੇ ਰਸ-ਰੰਗ ਵਿਚ ਰਤੇ ਹੋਏ ਗੁਰਮੁਖ ਸੱਜਣਾਂ ਦੁਆਰਾ ਕੀਤਾ ਅੰਮ੍ਰਿਤ ਸਿੰਚਾਰ ਅਵੱਸ਼ ਹੀ ਅੰਮ੍ਰਿਤ-ਅਭਿਲਾਖੀਆਂ ਤੇ ਨਾਮ ਦੀ ਗੂੜ੍ਹੀ ਰੰਗਣ ਚਾੜ੍ਹਨ ਵਿਚ ਸਹਾਈ ਹੁੰਦਾ ਸੀ।

ਪੰਜਾਂ ਪਿਆਰਿਆਂ ਦੀ ਸੇਵਾ ਵਿਚ ਕੋਈ ਪਾਜਲ ਸਿੰਘ (ਭਾਵ, ਜਿਸ ਨੇ ਕੋਈ ਕੁਰਹਿਤ ਕਰ ਕੇ ਦੁਬਾਰਾ ਅੰਮ੍ਰਿਤ ਛਕਿਆ ਹੋਵੇ) ਸ਼ਾਮਲ ਨਹੀਂ ਹੋਣਾ ਚਾਹੀਦਾ। ਪੰਜ ਪਿਆਰਿਆਂ ਦੀ ਚੋਣ ਦਾ ਮੂਲ-ਅਧਾਰ ਉਹਨਾਂ ਦੀ ਨਾਮ ਬਾਣੀ ਦੇ ਅਭਿਆਸ ਅਤੇ ਖਾਲਸਾ ਰਹਿਤ ਬਹਿਤ ਵਿਚ ਪ੍ਰਪੱਕਤਾ ਅਤੇ ਜੀਵਨ ਦੇ ਚਜ-ਅਚਾਰ ਵਿਚ ਸੁਛਤਾ ਹੀ ਹੋਣਾ ਚਾਹੀਦਾ ਹੈ।

## ਅੰਮ੍ਰਿਤ ਸਿੰਚਾਰ ਸਮਾਗਮਾਂ ਵਿਚ ਨਿਜੀ ਝਗੜਿਆਂ ਦਾ ਨਿਪਟਾਰਾ–

ਪਿਛਲੇ ਕੁਝ ਸਮੇਂ ਤੋਂ ਇਹ ਪ੍ਰਥਾ ਚਲ ਪਈ ਹੈ ਕਿ ਕੁਝ ਸਜਣਾਂ ਵਲੋਂ ਆਪਣੇ ਨਿਜੀ ਝਗੜੇ ਅੰਮ੍ਰਿਤ-ਸਿੰਚਾਰ ਲਈ ਜੁੜ ਪੰਜ ਪਿਆਰਿਆਂ ਦੇ ਮੂਹਰੇ ਪੇਸ਼ ਕਰ ਦਿਤੇ ਜਾਂਦੇ ਹਨ । ਇਸ ਤਰ੍ਹਾਂ ਪੰਜ ਪਿਆਰਿਆਂ ਦੀ ਨਾਮ ਨਾਲ ਸੁਰ ਹੋਈ ਬਿਰਤੀ ਵਿਚ ਖਿੰਡਾਅ ਪੈਦਾ ਹੋਣਾ ਲਾਜ਼ਮੀ ਗੱਲ ਹੈ, ਜੋ ਅੰਮ੍ਰਿਤ-ਪ੍ਰਚਾਰ ਸਮਾਗਮ ਵਿਚ ਅੰਮ੍ਰਿਤ-ਕਲਾ ਦੇ ਵਰਤਣ ਵਿਚ ਬਾਧਾ ਪਾਉਂਦਾ ਹੈ। ਇਹ ਪ੍ਰਥਾ ਬੰਦ ਕੀਤੀ ਜਾਣੀ ਹੀ ਉਚਿਤ ਹੈ। ਨਿਜੀ ਮਸਲਿਆਂ ਦੇ ਨਿਪਟਾਰੇ ਲਈ ਜੇ ਅਤੇ ਜਦੋਂ ਲੋੜ ਭਾਸੇ, ਸਮੇਂ ਸਮੇਂ ਪੰਜ ਪਿਆਰਿਆਂ ਦਾ ਵਿਸ਼ੇਸ਼ ਸਮਿਲਨ ਇਸ ਮੰਤਵ ਲਈ ਰਚਿਆ ਜਾ ਸਕਦਾ ਹੈ ਜਾਂ ਇਹ ਕਾਰਜ ਜਥੇ ਦੇ ਸਲਾਹਕਾਰ ਬੋਰਡ ਨੂੰ ਸੌਂਪ ਦੇਣਾ ਹੀ ਉਚਿਤ ਹੈ।

## ਅੰਮ੍ਰਿਤ-ਸਿੰਚਾਰ ਮੰਡਲ ਦੇ ਗੁਪਤ ਭੇਤ–

ਅੰਮ੍ਰਿਤ ਪਾਨ ਕਰਨ ਮਗਰੋਂ ਜੇ ਕੋਈ ਸਿੰਘ ਕੋਈ ਪਤਿਤ-ਕਰਮ ਕਰ ਲਵੇ ਤਾਂ ਉਸ ਨੂੰ ਪੰਜਾਂ ਪਿਆ-ਰਿਆਂ ਦੇ ਮੁੜ ਪੇਸ਼ ਹੋ ਕੇ ਆਪਣੇ ਪਤਿਤ ਕਰਮ ਦੀ ਵਿਥਿਆ ਦਸ ਕੇ ਅਤੇ ਇਸ ਵਜੋਂ ਤਨਖਾਹ ਲਵਾ ਕੇ ਦੁਬਾਰਾ ਅੰਮ੍ਰਿਤ ਛਕਣਾ ਪੈਂਦਾ ਹੈ।

ਅਜਿਹੇ ਪਤਿਤ-ਕਰਮੀ ਪੁਰਸ਼ਾਂ ਵਲੋਂ ਆਪਣੇ ਗੁਝੇ ਭੇਤ ਗੁਰੂ-ਸਰੂਪ ਪੰਜ ਪਿਆਰਿਆਂ ਪਾਸ ਬਿਨਾਂ ਕਿਸੇ ਛਪ-ਛਪਾ ਜਾਂ ਰਖ-ਰਖਾ ਦੇ ਪ੍ਰਗਟ ਕੀਤੇ ਜਾਂਦੇ ਹਨ, ਇਸ ਭਰੋਸੇ ਨਾਲ ਕਿ ਗੁਰੂ-ਪੰਥ ਪਤਿਤ ਪਾਵਨ ਅਤੇ ਪੜਦੇ-ਕਜ ਹੈ। ਸੋ, ਕਿਸੇ ਵਿਅਕਤੀ ਦੇ ਅਜਿਹੇ ਨਿਜੀ ਗੁਪਤ-ਭੇਤ ਅੰਮ੍ਰਿਤ ਸਿੰਚਾਰ-ਮੰਡਲ ਤਕ ਹੀ ਸੀਮਤ ਰਹਿਣੇ ਬਣਦੇ ਹਨ। ਇਹ ਕਿਸੇ ਰੂਪ ਵਿਚ ਵੀ ਅਤੇ ਕਿਸੇ ਪਾਸ ਵੀ ਨਸ਼ਰ ਕੀਤੇ ਜਾਣੇ ਉਚਿਤ ਨਹੀਂ।

## (ਅ) ਗੁਰਮਤਿ ਬਿਬੇਕ–

ਜੀਵਨ ਨੂੰ ਹਰ ਪੱਖੋਂ ਗੁਰਮਤਿ ਦੇ ਸੱਚੇ ਵਿਚ ਢਾਲਣ ਦਾ ਨਾਮ 'ਗੁਰਮਤਿ ਬਿਬੇਕ' ਹੈ। ਇਸ ਦੇ ਕਈ ਪੱਖ ਹਨ। ਮਨ ਬਚਨ ਕਰਮ ਕਰਕੇ ਸਤਿਗੁਰੂ ਦੀ ਆਗਿਆ ਦਾ ਪਾਲਨ ਕਰਨ ਵਾਲੇ ਨੂੰ 'ਗੁਰਮਤਿ-ਬਿਬੇਕੀ' ਕਿਹਾ ਜਾਂਦਾ ਹੈ। ਇਸਦੇ ਵਖ ਵਖ ਪੱਖਾਂ ਵਿਚੋਂ ਕੁਝ ਕੁ ਪੱਖਾਂ ਦਾ ਵਰਣਨ ਕਰਨਾ ਜ਼ਰੂਰੀ ਹੈ।

## (1) ਨਾਮ ਸਿਮਰਨ–

'ਨਾਮ ਸਿਮਰਨ' ਸਤਿਗੁਰੂ ਦਾ ਹੁਕਮਨ ਸਿਰ ਹੁਕਮ ਹੈ। ਖਾਲਸਾ ਰਹਿਤ ਰਹਿਣੀ ਦਾ ਇਹ ਸਿਰਮੌਰ ਅੰਗ ਹੈ। ਕਈ ਅੰਮ੍ਰਿਤ-ਧਾਰੀ ਵੀਰ ਅੰਮ੍ਰਿਤ-ਬਾਣੀਆਂ ਦੇ ਪਾਠ ਦੇ ਨਿਤਨੇਮ ਨੂੰ ਤਾਂ ਨਿਭਾਅ ਲੈਂਦੇ ਹਨ,

---

*ਕਲਾ ਕ੍ਰਿਸ਼ਮੀਏ ਪੰਜ ਅਖੰਡ ਪਾਠੀ, ਕਲਾ ਕ੍ਰਿਸ਼ਮੀਆ ਪੁੰਜ ਪਿਆਰੇਲਿਆਂ ਦਾ ॥
ਕ੍ਰਿਸ਼ਮ ਮੰਡਲੋਂ ਨਿਮਖ ਨ ਦੂਰ ਹੋਏ, ਖੋੜਸ ਪਹਿਰ ਕ੍ਰਿਸ਼ਮਾ ਕ੍ਰਿਸ਼ਮੜੋਲਿਆਂ ਦਾ ॥੪੧੬,੧੭॥
[ਜੋਤਿ ਵਿਗਾਸ, ਪੰਨਾ ੬੭


www.AKJ.Org

ਪਰ ਨਾਮ-ਸਿਮਰਨ ਵਲ ਕੋਈ ਵਿਸ਼ੇਸ਼ ਧਿਆਨ ਨਹੀਂ ਦੇਂਦੇ । ਉਹਨਾਂ ਦੀ ਘਾਲਣਾ ਅਧੂਰੀ ਰਹਿੰਦੀ ਹੈ। ਅੰਮ੍ਰਿਤ ਛਕਾਉਣ ਵੇਲੇ ਜਦੋਂ ਅੰਮ੍ਰਿਤ-ਅਭਿਲਾਖੀ ਨੂੰ ਨਾਮ-ਗੁਰਮੰਤ੍ਰ ਦ੍ਰਿੜ੍ਹਾਇਆ ਜਾਂਦਾ ਹੈ ਤਾਂ ਨਾਲ ਹੀ ਜੀਵਨ ਪ੍ਰਯੰਤ ਇਸ ਦੇ ਸਾਸ ਗਿਰਾਸ ਸਿਮਰਨ ਦੀ ਤਾਕੀਦ ਕੀਤੀ ਜਾਂਦੀ ਹੈ ! ਇਸ ਤਾਕੀਦੀ ਹੁਕਮ ਦੀ ਪਾਲਨਾ ਕਰਨਾ ਹਰੇਕ ਗੁਰਸਿਖ ਦਾ ਮੁਢਲਾ ਫ਼ਰਜ਼ ਹੈ । ਸਮੱਗਰ ਗੁਰਬਾਣੀ ਨਾਮ-ਸਿਮਰਨ ਦੀਆਂ ਬਰਕਤਾਂ ਨਿਰੂਪਨ ਕਰ ਕੇ ਸਿਮਰਨ ਕਰਨ ਦੀ ਪ੍ਰੇਰਨਾ ਦਿੰਦੀ ਹੈ । ਸੋ ਨਾਮ ਸਿਮਰਨ ਕਰਨਾ ਗੁਰਸਿੱਖੀ ਦੀ ਮੁਢਲੀ ਸ਼ਰਤ ਹੈ ਤੇ ਇਸ ਪੱਖੋਂ ਗ਼ਫ਼ਲਤ ਜਾਂ ਅਵੇਸਲਾਪਨ ਵਰਤਣ ਨਾਲ ਜੀਵ ਦੋਸ਼ੀ ਬਣਦਾ ਹੈ।

### (2) ਨਿਤ ਨੇਮ--

ਅੰਮ੍ਰਿਤ ਬਾਣੀਆਂ ਦਾ ਨਿਤ ਨੇਮ ਕਰਨਾ ਵੀ ਗੁਰਸਿੱਖੀ ਦੀ ਮੁਢਲੀ ਸ਼ਰਤ ਹੈ । ਅੰਮ੍ਰਿਤ ਵੇਲੇ ਜਪੁ, ਜਾਪੁ, ਸਵਯੇ, ਬੇਨਤੀ ਚੌਪਈ, ਅਨੰਦੁ ਸਾਹਿਬ (ਸੰਪੂਰਨ), ਸ਼ਾਮ ਨੂੰ ਸੋ-ਦਰ ਰਹਿਰਾਸ ਅਤੇ ਬਿਰਾਜਣ ਸਮੇਂ ਸੋਹਿਲਾ ਇਹ ਨਿਤਨੇਮ ਦੀਆਂ ਬਾਣੀਆਂ ਹਨ । ਇਹਨਾਂ ਬਾਣੀਆਂ ਦੇ ਪਾਠ ਵਿਚ ਕੋਤਾਹੀ ਕਰਨ ਨਾਲ ਸਿਖ ਤਨਖਾਹੀਆ ਬਣ ਜਾਂਦਾ ਹੈ । ਇਹਨਾਂ ਤੋਂ ਇਲਾਵਾ ਜਿੰਨੀ ਵਧੇਰੇ ਬਾਣੀ ਪੜ੍ਹੀ ਸੁਣੀ ਜਾ ਸਕੇ, ਓਨਾ ਵਧੇਰੇ ਨਾਮ ਦਾ ਰੰਗ ਚੜ੍ਹਦਾ ਹੈ।

### (3) **ਅੰਮ੍ਰਿਤ ਵੇਲੇ ਦੀ ਸੰਭਾਲ–**

ਗੁਰਮਤਿ ਵਿਚ ਅੰਮ੍ਰਿਤ ਵੇਲੇ ਦੀ ਵਡੀ ਮਹੱਤਤਾ ਹੈ, ਅਤੇ ਗੁਰਬਾਣੀ ਵਿਚ ਅੰਮ੍ਰਿਤ ਵੇਲੇ ਦੀ ਸੰਭਾਲ ਕਰਨ ਪ੍ਰਤੀ ਕਰੜੀ ਤਾਕੀਦ ਹੈ । ਅੰਮ੍ਰਿਤ ਵੇਲੇ ਦੀ ਜਾਗ ਮਾਨੋ ਇਕ **ਬੈਰੋਮੀਟਰ** ਹੈ, ਜਿਸ ਤੋਂ ਸੁਖੈਨ ਹੀ ਪਤਾ ਲਗ ਜਾਂਦਾ ਹੈ ਕਿ ਕੋਈ ਗੁਰਸਿੱਖੀ ਨਿਭਾਉਣ ਵਿਚ ਕਿੰਨਾ ਕੁ ਸੰਜੀਦਾ ਹੈ। ਗੁਰਬਾਣੀ ਦਾ ਸਪੱਸ਼ਟ ਨਿਰਣਾ ਹੈ ਕਿ ਪਿਛਲੀ ਰਾਤ ਨਾ ਜਾਗਣ ਵਾਲਾ ਮਨੁਖ ਜੀਉਂਦਿਆਂ ਵਿਚ ਨਹੀਂ, ਸਗੋਂ ਮੁਰਦਿਆਂ ਵਿਚ ਸ਼ਾਮਲ ਹੈ :

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥...॥੧੦੭॥ (ਪੰਨਾ ੧੩੮੩)

ਅੰਮ੍ਰਿਤ ਵੇਲੇ ਦੀ ਸੰਭਾਲ ਤਾਂ ਹੀ ਨੇਮ ਨਾਲ ਨਿਭ ਸਕਦੀ ਹੈ ਜੇ ਕੋਈ ਰਾਤ ਨੂੰ ਵੇਲੇ ਸਿਰ ਬਿਰਾਜ ਜਾਵੇ । ਅੰਮ੍ਰਿਤ ਵੇਲੇ ਨਾਮ ਸਿਮਰਨ ਅਤੇ ਗੁਰਬਾਣੀ ਗਾਇਨ ਦਾ ਅਨੰਦ ਭਲੀ ਪ੍ਰਕਾਰ ਤਾਂ ਹੀ ਮਾਣਿਆ ਜਾ ਸਕਦਾ ਹੈ ਜੇ ਸਰੀਰਕ ਅਰਾਮ ਦੀ ਜਾਇਜ਼ ਲੋੜ ਪੂਰੀ ਕਰ ਲਈ ਹੋਵੇ। ਲੋੜੀਂਦੇ ਸਰੀਰਕ ਅਰਾਮ ਤੋਂ ਬਗੈਰ ਅੰਮ੍ਰਿਤ ਵੇਲੇ ਆਲਸ, ਊਂਘਾਂ ਅਤੇ ਉਬਾਸੀਆਂ ਸੁਰਤਿ ਸ਼ਬਦ ਦਾ ਪਰਚਾ ਪਾਉਣ ਵਿਚ ਬਾਧਕ ਸਾਬਤ ਹੁੰਦੀਆਂ ਹਨ।

ਖਾਲਸਾ ਪੰਥ ਧਰਮ ਦੀ ਕਿਰਤ ਵਿਰਤ ਕਰਨ ਵਾਲੇ ਮਰਜੀਵੜੇ ਗੁਰਸਿੱਖਾਂ ਦਾ ਪੰਥ ਹੈ । ਹਰੇਕ ਗੁਰਸਿਖ ਲਈ ਗ੍ਰਿਹਸਤ ਦੇ ਨਿਰਬਾਹ ਲਈ ਗੁਰ-ਫੁਰਮਾਈ ਨਿਤ-ਕਰਣੀ ਉਤੇ ਪੂਰਨ ਦ੍ਰਿੜ੍ਹਤਾ ਨਾਲ ਪਹਿਰਾ ਦੇਣਾ ਬਣਦਾ ਹੈ, ਜਿਸ ਦਾ ਸੰਕੇਤ ਗੁਰਮਤਿ ਦੇ ਅਦੁਤੀ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਪੇਸ਼ ਕੀਤਾ ਹੈ :–

ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰ ਨਾਵੰਦਾ ॥
ਗੁਰ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ ॥
ਸਾਧ ਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ ॥
ਸੰਕਾ ਮਨਹੁ ਮਿਟਾਇ ਕੈ ਗੁਰਸਿਖਾਂ ਦੀ ਸੇਵ ਕਰੰਦਾ ॥
ਕਿਰਤ ਵਿਰਤ ਕਰਿ ਧਰਮ ਦੀ ਲੈ ਪਰਸਾਦ ਆਣਿ ਵਰਤੰਦਾ ॥
ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪ ਖਵੰਦਾ ॥
ਕਲੀਕਾਲ ਪਰਗਾਸ ਕਰਿ ਗੁਰ ਚੇਲਾ ਚੇਲਾ ਗੁਰ ਸੰਦਾ ॥


www.AKJ.Org

ਗੁਰਮੁਖ ਗਾਡੀ ਰਾਹੁ ਚਲੰਦਾ ॥ (ਵਾਰ ੪੦, ਪਉੜੀ ੧੧)

ਸੋ ਹਰੇਕ ਗੁਰਸਿਖ ਨੂੰ ਦਿਨ ਰਾਤ ਦੇ ਸਮੇਂ ਦੀ ਵਿਉਂਤ-ਬੰਦੀ ਆਪੋ ਆਪਣੇ ਹਾਲਾਤ ਮੂਜਬ ਪੂਰੀ ਸਿਆਣਪ ਅਤੇ ਸੁਚੱਜੇ ਢੰਗ ਨਾਲ ਕਰਨੀ ਬਣਦੀ ਹੈ ।

ਜਿਥੋਂ ਤਕ ਅੰਮ੍ਰਿਤ ਵੇਲੇ ਦੇ ਨਿਸਚਿਤ ਸਮੇਂ ਦਾ ਸੰਬੰਧ ਹੈ, ਇਸ ਬਾਰੇ ਗੁਰਬਾਣੀ ਵਿਚ ਹੇਠ ਲਿਖੇ ਸੰਮੇਤ ਮਿਲਦੇ ਹਨ :—

—ਚਉਥੈ ਪਹਿਰ ਸਬਾਹ ਕੈ ਸੁਰਤਿਆ ਉਪਜੈ ਚਾਉ ॥੧,ਸ,੧੮॥ (੧੪੬)
—ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
 ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥੨॥ ਪਉੜੀ ॥ (੩੦੫)
—ਪਿਛਲ ਰਾਤੀ ਜਾਗਣਾ ਨਾਮੁ ਦਾਨ ਇਸਨਾਨੁ ਦਿੜਾਏ ॥ ਵਾਰ ੨੮, ਪਉੜੀ ੧੫
—ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥੨੫॥ ਬ.ਅ. (੨੫੫)
—ਉਠਿ ਇਸਨਾਨ ਕਰਹੁ ਪਰਭਾਤੇ ਸੋਇ ਹਰਿ ਆਰਾਧੇ ॥੩,੧੯॥ (੧੧੮੫)
—ਪ੍ਰਾਤਹ ਕਾਲਿ ਹਰਿ ਨਾਮੁ ਉਚਾਰੀ ॥ ਈਤ ਊਤ ਕੀ ਓਟ ਸਵਾਰੀ ॥੧,੩੦॥ (੭੪੩)
—ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰ ਨਾਵੰਦਾ ॥ ਵਾਰ ੪੦, ਪਉੜੀ ੧੧
—ਪਹਿਲੇ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥੧੧੨॥ (੧੩੮੪)
—ਪਰਭਾਤੇ ਪ੍ਰਭ ਨਾਮੁ ਜਪਿ ਗੁਰ ਕੇ ਚਰਣ ਧਿਆਇ ॥੧੧॥ (੧੦੯੯)

ਸਿਖ ਪਰੰਪਰਾ ਅਨੁਸਾਰ ਅੰਮ੍ਰਿਤ ਵੇਲਾ ਸਵਾ ਪਹਰ ਰਾਤ ਰਹਿੰਦੀ ਤੋਂ ਅਰੰਭ ਹੁੰਦਾ ਹੈ । ਗੁਰਮਤਿ ਮਾਰਗ ਦੇ ਆਦਰਸ਼ਕ ਪਾਂਧੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਗੁਰਮਤੀ ਲੇਖਣੀ ਤੋਂ ਵੀ ਇਸੇ ਤੱਥ ਦੀ ਪ੍ਰੋੜ੍ਹਤਾ ਹੋਈ ਮਿਲਦੀ ਹੈ, ਜਿਵੇਂ—

"ਸਵੇਰੇ ਦੋ ਬਜੇ ਉਠ ਕੇ ਫੇਰ ਸਾਵਧਾਨ ਹੋਣਾ ਹੋਇਆ । ਦਿਨ ਚੜ੍ਹੇ ਤਾਈਂ ਸਚੀ ਕਾਰ ਵਿਚ ਜੁਟ ਕੇ ਸਮੇਂ ਨੂੰ ਸਫਲਾ ਕਰਨ ਦਾ ਅਵਸਰ ਮਿਲਦਾ ਹੈ । (ਜੇਲ੍ਹ ਚਿੱਠੀਆਂ, ਪੰਨਾ ੩੧੨)

"ਰਾਤ ਪਈ, ਅੰਮ੍ਰਿਤ ਵੇਲਾ ਆਇਆ, ਦੋ ਬਜੇ ਪਿਛਲੇ ਪਹਰ ਸਬਾਹ ਕੇ ਉਠ ਕੇ ਇਸ਼ਨਾਨੀਆਂ ਨੇ ਇਸ਼ਨਾਨ ਕੀਤੇ ਅਤੇ ਧਿਆਨੀਆਂ ਨੇ ਲਿਵ-ਡੋਰਾਂ ਲਾ ਲਈਆਂ ।" ਜੋਤਿ ਵਿਗਾਸ, ਉਥਾਨਕਾ, ਪੰਨਾ (ਅ)

"ਪ੍ਰਿਥਮ ਤਾਂ 'ਉਦਮ ਕਰਿ ਹਰਿ ਜਾਪਣਾ'* ਦੀ ਗੁਰ-ਪੰਗਤੀ ਅਨੁਸਾਰ ਨਾਮ ਅਭਿਆਸੀ ਨੂੰ ਉਦਮ ਕਰ ਕੇ ਉਠਣਾ ਪੈਂਦਾ ਹੈ । ਅਤੇ ਉਠਣਾ ਵੀ ਸਵਾ ਪਹਿਰ ਰਾਤ ਰਹਿੰਦੀ, ਕਿਉਂਕਿ ਬਚਨ ਹੈ, ਯਥਾ ਗੁਰਵਾਕ—

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥੧॥੧੮॥"

ਵਾਰ ਮਾਝ, ਸਲੋਕ ਮ: ੨ (੧੪੬)

ਸੋ, ਜੋ ਸਵਾ ਪਹਿਰ ਰਾਤ ਰਹਿੰਦੀ ਅਥਵਾ ਪਿਛਲ ਰਾਤ 'ਚਉਥੈ ਪਹਿਰ ਸਬਾਹ ਕੈ' ਨਿੰਦਰਾ ਤੋਂ ਜਾਗ ਕੇ ਉਠਣ ਦਾ ਉਦਮ-ਉਪਰਾਲਾ ਨਹੀਂ ਕਰਦਾ, ਅਥਵਾ ਜਿਸਨੂੰ ਨਿਤਾਪ੍ਰਤਿ, ਨਿਯਮ ਅਨੁਸਾਰ ਭਿਸ ਬਿਧਿ ਬਲ ਧਾਰ ਕੇ (ਅਰਥਾਤ, ਉਦਮੀ ਬਣ ਕੇ) ਅੰਮ੍ਰਿਤ ਵੇਲੇ ਉਠਣ ਦਾ ਚਾਉਂ ਨਹੀਂ ਉਪਜਦਾ, ਉਹ ਗੁਰੂ ਕੇ ਬਚਨ ਪਾਲਣ ਕਮਾਵਣਹਾਰਾ, ਗੁਰੂ ਕੀ ਹਦਾਇਤ ਮੰਨਣਹਾਰਾ ਸਚਿਆਰਾ ਸਿੱਖ ਬਿਬੇਕੀ ਨਹੀਂ । ਬਿਬੇਕੀ ਸਿਖ ਸੋਈ ਹੈ ਜੋ ਇਸ ਬਚਨ ਰੂਪੀ ਹੁਕਮ ਹਦਾਇਤ ਨੂੰ ਕਮਾਵੇ, ਅਰਥਾਤ, ਸੱਚੀ ਭੈ-ਭਾਵਨੀ ਸਹਿਤ ਨਿਤਾਪ੍ਰਤਿ ਸਵਾ ਪਹਿਰ ਰਾਤ ਰਹਿੰਦੀ ਉਠਣ (ਜਾਗਣ) ਦਾ ਉਦਮ ਬਲ ਧਾਰੇ ਅਤੇ ਪਿਛਲੇ ਪਹਰ ਵਾਲੀ ਰਾਤ ਰੂਪੀ ਅੰਮ੍ਰਿਤ ਵੇਲੇ ਦਾ ਸਾਵਧਾਨਤਾ ਸਹਿਤ ਅਨੰਦ ਮਾਣੇ ।" (ਗੁਰਮਤਿ ਬਿਬੇਕ, ਪੰਨਾ ੯੮-੯੯)

---

*ਸਿਰੀਰਾਗੁ ਮ: ੫, ਪੰਨਾ ੪੮


www.AKJ.Org

ਗੁਰਮਤਿ ਮਾਰਗ ਤੇ ਚਲਣ ਵਾਲੇ ਲਈ ਮੁਢਲਾ ਟੀਚਾ ਨਿਤਾਪ੍ਰਤਿ ਸਵਾ ਪਹਿਰ ਰਹਿੰਦੀ ਰਾਤ ਸਾਵਧਾਨ ਹੋ ਕੇ ਇਸ਼ਨਾਨ ਪਾਨ ਕਰ ਕੇ ਨਾਮ ਬਾਣੀ ਦੇ ਅਭਿਆਸ ਵਿਚ ਜੁਟਣ ਦਾ ਹੈ। ਉਂਜ ਇਹ ਮਾਰਗ ਚਾਉ, ਪ੍ਰੇਮ ਤੇ ਇਸ਼ਕ ਦਾ ਹੈ। ਜੇ ਕਿਸੇ ਦੀ ਜਗਿਆਸਾ ਮਹਾ-ਪ੍ਰਬਲ ਹੈ ਅਤੇ ਇਸ ਤੋਂ ਪਹਿਲਾਂ ਜਾਗਣ ਦਾ ਚਾਉ ਉਪਜਦਾ ਹੈ ਅਤੇ ਇਸ ਤਰ੍ਹਾਂ ਦਾ ਨੇਮ ਨਿਭਦਾ ਹੈ ਤਾਂ ਭਲਾ ਹੀ ਹੈ। ਗੁਰੂ ਕੀਆਂ ਦੂਣ ਸਵਾਈਆਂ ਖੁਸ਼ੀਆਂ।

ਪਿਛਲੇ ਕੁਝ ਕੁ ਸਾਲਾਂ ਤੋਂ ਅਖੰਡ ਕੀਰਤਨੀ ਜਥੇ ਦੇ ਸੈਂਟ੍ਰਲ ਸਮਾਗਮਾਂ ਸਮੇਂ ਅੰਮ੍ਰਿਤ ਵੇਲੇ ਦਾ ਸੰਗਤੀ ਨਾਮ ਅਭਿਆਸ ਤੇ ਗੁਰਬਾਣੀ ਨਿਤਨੇਮ ਰਾਤ ੧੨ ਵਜੇ ਤੋਂ ਕੀਤਾ ਜਾਣਾ ਆਰੰਭ ਹੋ ਗਿਆ ਹੈ। ਇਸ ਦੇ ਫਲ-ਸਰੂਪ ਸ਼ਾਮ ਦੇ ਅਤੇ ਅੰਮ੍ਰਿਤ ਵੇਲੇ ਦੇ, ਦੋਹਾਂ ਵੇਲਿਆਂ ਦੇ ਕੀਰਤਨ ਪ੍ਰੋਗਰਾਮਾਂ ਵਿਚ ਹਾਜ਼ਰੀ ਫਿੱਕੀ ਪੈ ਗਈ ਹੈ ਤੇ ਅੰਮ੍ਰਿਤ ਵੇਲੇ ਹਾਜ਼ਰ ਸੰਗਤਾਂ ਵਿਚੋਂ ਬਹੁਤੇ ਸਿਘ ਕੀਰਤਨ ਵਿਚ ਊਂਘਦੇ ਹੀ ਵਿਖਾਈ ਦੇਂਦੇ ਹਨ।

ਸੋ, ਨਾਮ ਅਭਿਆਸ ਅਤੇ ਕੀਰਤਨ ਸਮਾਗਮਾ ਵਿਚ ਚੇਤੰਨਤਾ ਅਤੇ ਸਾਵਧਾਨੀ ਨੂੰ ਮੁਖ ਰਖਦਿਆਂ ਅਤੇ ਪਰੰਪਰਾ ਨੂੰ ਦ੍ਰਿਸ਼ਟੀ ਵਿਚ ਰਖਦਿਆਂ ਅੰਮ੍ਰਿਤ ਵੇਲੇ ਦੇ ਨਿਸਚਿਤ ਸਮੇਂ ਬਾਰੇ ਸਮੂਹਕ ਤੌਰ ਤੇ ਕੁਝ ਅਦਲਾ-ਬਦਲੀ ਕਰਨ ਸੰਬੰਧੀ ਅਥਵਾ ਕੋਈ ਨਵੀਂ ਲੀਹ ਪਾਉਣ ਸੰਬੰਧੀ ਉਪ੍ਰੋਕਤ ਵਰਣਤ ਤੱਥਾਂ ਦੀ ਰੌਸ਼ਨੀ ਵਿਚ ਗੰਭੀਰਤਾ ਨਾਲ ਵਿਚਾਰ ਕਰਨੀ ਬਣਦੀ ਹੈ।

### (4) ਸੇਵਾ–

ਸਿਮਰਨ ਅਤੇ ਸੇਵਾ ਸਿੱਖ ਧਰਮ-ਮੰਦਰ ਦੇ ਦੋ ਥੰਮ੍ਹ ਹਨ। ਜਿਥੇ ਸਿਮਰਨ ਆਤਮਾ ਦੀ ਖ਼ੁਰਾਕ ਹੈ ਓਥੇ ਸੇਵਾ ਮਨ ਨੂੰ ਨਿਰਮਲ ਕਰਦੀ ਹੈ ਤੇ ਮਨੁਖ ਹਉਮੈ ਦੀ ਮਾਰ ਤੋਂ ਬਚ ਜਾਂਦਾ ਹੈ। ਪੁਰਾਤਨ ਗੁਰਸਿੱਖਾਂ ਵਿਚ ਸੇਵਾ ਲਈ ਅਥਾਹ ਉਤਸ਼ਾਹ ਵੇਖਣ ਵਿਚ ਆਉਂਦਾ ਸੀ। 'ਸੇਵਾ ਤੋਂ ਹੀ ਮੇਵਾ ਮਿਲਦਾ ਹੈ', ਇਹ ਇਕ ਪ੍ਰਸਿਧ ਕਹਾਵਤ ਹੈ। ਸਿੱਖ ਇਤਿਹਾਸ ਸੇਵਾ ਤੋਂ ਮੇਵਾ ਮਿਲਣ ਦੇ ਬਿਰਤਾਂਤਾਂ ਨਾਲ ਭਰਿਆ ਪਿਆ ਹੈ।

ਗੁਰਬਾਣੀ ਸ਼ਾਹਦੀ ਭਰਦੀ ਹੈ ਕਿ ਸੇਵਾ ਕਮਾਉਣ ਵਾਲਿਆਂ ਨੂੰ ਸੱਚੀ ਦਰਗਾਹ ਵਿਚ ਸਥਾਨ ਅਤੇ ਸਨਮਾਨ ਅਵੱਸ਼ ਮਿਲੇਗਾ :—

> ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥
> ਕਹੁ ਨਾਨਕ ਬਾਹ ਲੁਡਾਈਐ ॥੪॥੩੩॥ (ਸਿਰੀਰਾਗੁ ਮ: ੧, ਪੰਨਾ ੨੬)

ਪ੍ਰਥਮ ਸੇਵਾ ਪ੍ਰਭੂ ਅਥਵਾ ਸਤਿਗੁਰੂ ਦੀ ਹੈ, ਜਿਸ ਦਾ ਸਾਧਨ ਨਾਮ-ਸਿਮਰਨ ਕਰਨਾ ਅਤੇ ਗੁਰ-ਹੁਕਮਾਂ ਦਾ ਪਾਲਨ ਕਰਨਾ ਹੈ। ਫਿਰ ਸਾਧ-ਸੰਗਤ ਅਥਵਾ ਗੁਰਸਿੱਖਾਂ ਦੀ ਅਤੇ ਸਮੁੱਚੇ ਮਨੁੱਖ-ਮਾਤ੍ਰ ਦੀ ਸੇਵਾ ਆਉਂਦੀ ਹੈ, ਜਿਸ ਦੇ ਕਈ ਖੇਤਰ ਹਨ ਤੇ ਇਹ ਸੇਵਾ ਤਨ, ਮਨ ਅਤੇ ਧਨ ਨਾਲ ਯਥਾ ਸ਼ਕਤਿ ਕਰਨੀ ਹਰ ਗੁਰਸਿੱਖ ਦਾ ਫ਼ਰਜ਼ ਹੈ।

### (5) ਗੁਰੂ ਕੇ ਲੰਗਰ ਦੀ ਸੇਵਾ–

ਗੁਰ ਕੇ ਲੰਗਰ ਵਿਚ ਸੇਵਾ ਕੇਵਲ 'ਗੁਰੂ ਕੇ' ਅੰਮ੍ਰਿਤਧਾਰੀ ਸਿੰਘ ਸਿੰਘਣੀਆਂ ਹੀ ਕਰਨ ਦੇ ਅਧਿਕਾਰੀ ਹਨ। 'ਰੰਗਲੇ ਸੱਜਣ' ਪੁਸਤਕ ਵਿਚ ਭਾਈ ਸਾਹਿਬ ਨੇ ਗੁਰੂ ਕੇ ਲੰਗਰ ਵਿਚ ਸੇਵਾ ਕਰਨ ਵਾਲਿਆਂ ਦੀ ਜਿਹੜੀ ਖ਼ੂਬੀ ਨੂੰ ਖ਼ਾਸ ਉਘਾੜਿਆ ਹੈ ਉਹ ਇਹ ਸੀ ਕਿ ਉਹ ਸੇਵਾ ਕਰਦਿਆਂ ਨਾਮ ਬਾਣੀ ਦਾ ਪ੍ਰਵਾਹ ਨਿਰੰਤਰ ਜਾਰੀ ਰਖਦੇ ਸਨ, ਜਿਸ ਸਦਕਾ 'ਅੰਨ-ਭੋਜਨ' ਬਾਣੀ ਦੀ ਪਾਰਸ-ਕਲਾ ਦੁਆਰਾ 'ਅੰਮ੍ਰਿਤ-ਭੋਜਨ' ਬਣ ਜਾਂਦਾ ਸੀ ਤੇ ਛਕਣ ਵਾਲਿਆਂ ਦੀ ਸੁਰਤੀ ਬਿਰਤੀ ਵਿਚ ਦੂਣ ਸਵਾਏ ਖੇੜੇ ਖਿੜ ਪੈਂਦੇ ਸਨ।

ਗੁਰੂ ਕੇ ਲੰਗਰ ਦੇ ਸੇਵਾਦਾਰਾਂ ਦੀ ਇਹ ਖ਼ੂਬੀ ਮਣੇ-ਸਣੇ ਅਲੋਪ ਹੁੰਦੀ ਜਾ ਰਹੀ ਹੈ। ਇਸ ਵਲ ਵਿਸ਼ੇਸ਼ ਧਿਆਨ ਦਿਤੇ ਜਾਣ ਦੀ ਲੋੜ ਹੈ।

### (6) ਗੁਰਧਾਮਾਂ ਦੀ ਸੇਵਾ ਤੇ ਪ੍ਰਬੰਧ–

ਸੇਵਾ ਦੇ ਖੇਤਰ ਬੇਅੰਤ ਹਨ। ਜਿਥੇ ਗੁਰਸਿੱਖਾਂ ਦੀ ਸੇਵਾ ਦਾ ਵੱਡਾ ਮਹੱਤਵ ਹੈ, ਓਥੇ ਗੁਰਧਾਮਾਂ ਦੀ ਸੇਵਾ

ਦਾ ਮਹਾਤਮ ਕਿਤੇ ਵਧੇਰਾ ਹੈ। ਅਖੰਡ ਕੀਰਤਨੀ ਜਥੇ ਨੇ ਗੁਰ-ਧਾਮਾਂ ਚੋਂ ਕੁਰੀਤੀਆਂ ਦੂਰ ਕਰਨ ਲਈ ਅਤੇ ਗੁਰਮਤਿ ਦਾ ਪਰਸਾਰ ਕਰਨ ਲਈ ਵਿਸ਼ੇਸ਼ ਹਿੱਸਾ ਪਾਇਆ।

੧) ਸ੍ਰੀ ਅਨੰਦਪੁਰ ਸਾਹਿਬ ਹੋਲੇ-ਮਹੱਲੇ ਦੇ ਪੁਰਬ ਸਮੇਂ ਕੁਝ ਆਪ-ਹੁਦਰੇ ਲੋਕ ਸ਼ਰਾਬਾਂ ਪੀ ਕੇ ਸੜਕਾਂ ਉਤੇ ਅਤੇ ਬਜ਼ਾਰਾਂ ਵਿਚ ਗੰਦ ਬਕਦੇ ਅਤੇ ਸੰਗਤਾਂ ਦੇ ਧਾਰਮਕ ਵਾਤਾਵਰਨ ਵਿਚ ਬਾਧਾ ਪਾਇਆ ਕਰਦੇ ਸਨ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਜਥੇ ਦੇ ਕੁਝ ਨੌਜਵਾਨ ਨਾਲ ਲੈ ਕੇ ਇਸ ਆਪ-ਹੁਦਰੇ ਅਨਸਰ ਨੂੰ ਅਜਿਹਾ ਸੋਧਾ ਚਾੜ੍ਹਿਆ, ਮੁੜ ਕੇ ਕਿਸੇ ਨੂੰ ਅਰਲ-ਬਰਲ ਬੋਲਣ ਦੀ ਜੁਰਤ ਨਹੀਂ ਪਈ।

੨) ਜਨਵਰੀ ੧੯੧੪ ਵਿਚ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਦੀ ਕੰਧ ਅੰਗਰੇਜ਼ ਸਰਕਾਰ ਨੇ ਢਾਹ ਦਿੱਤੀ ਤੇ ਉਹ ਗੁਰਦੁਆਰਾ ਸਾਹਿਬ ਦੀ ਜ਼ਮੀਨ ਪਾਰਲੀਮੇਂਟ ਹਾਊਸ ਨੂੰ ਸਵਾਰਨ ਸ਼ਿੰਗਾਰਨ ਲਈ ਵਰਤਣਾ ਚਾਹੁੰਦੀ ਸੀ। ਭਾਈ ਸਾਹਿਬ ਰਣਧੀਰ ਸਿੰਘ ਜੀ ਜਾਨ ਦੀ ਪਰਵਾਹ ਨਾ ਕਰਦਿਆਂ ਡਟ ਗਏ ਅਤੇ ਗੁਰਦੁਆਰਾ ਸਾਹਿਬ ਦੀ ਕੰਧ ਰਾਤੋ ਰਾਤ ਉਸਾਰ ਦਿਤੀ। ਸਰਕਾਰ ਨੇ ਸਾਜ਼ਸ਼ ਕੇਸ ਬਣਾ ਕੇ ਉਮਰ ਕੈਦ ਦੀ ਸਜ਼ਾ ਦਿਤੀ। ਜਵਾਨੀ ਲੰਘਾ ਜੇਲ੍ਹਾਂ ਵਿਚ ਗਾਲ ਦਿਤੀ, ਪਰ ਗੁਰੂ ਘਰ ਦੀ ਸੇਵਾ ਤੋਂ ਮੁਖ ਨਹੀਂ ਮੋੜਿਆ। ਜੇਲ੍ਹ ਦੀਆਂ ਕਾਲ-ਕੋਠੜੀਆਂ ਵਿਚ ਲਿਖੀ ਪੁਸਤਕ 'ਗੁਰਮਤਿ ਬਿਬੇਕ' ਦੇ ਪੰਨਾ ੧੫੧ ਉਤੇ ਆਪ ਲਿਖਦੇ ਹਨ :—

"ਏਹਨਾਂ ਸ਼ਰਧਾ-ਭਿੰਨੀਆਂ ਉਮੰਗਾਂ ਦੇ ਆਤਮ ਤ੍ਰੰਗੀ ਮਰਜੀਵੜੇ ਹੀ ਆਪਣੇ ਗੁਰ-ਅਸਥਾਨਾਂ ਦੀ ਬੇਅਦਬੀ ਨੂੰ ਦੇਖ ਕੇ ਮਰ ਮਿਟਣ ਨੂੰ ਤਿਆਰ ਹੋ ਜਾਂਦੇ ਹਨ। ..ਗੁਰਦੁਆਰੇ ਸਾਹਿਬ ਅਤੇ ਗੁਰੂ ਕੇ ਸ਼ਹੀਦੀ ਅਸਥਾਨਾ ਦੀ ਸ਼ਾਨ, ਇੱਜ਼ਤ, ਆਬਰੂ ਕਾਇਬ ਦਾਇਮ ਰੱਖਣ ਲਈ ਤਨ, ਮਨ, ਧਨ ਦਾ ਹੋਮ ਦੇਣਾ ਉਹਨਾਂ ਦੀ ਇਕ ਸਹਜ ਸੁਭਾਵੀ ਆਤਮ-ਖੇਡ ਹੈ।"

੩) ਸ੍ਰੀ ਚਮਕੌਰ ਸਾਹਿਬ ਦੇ ਸ਼ਹੀਦੀ ਅਸਥਾਨ ਤੇ ਨਿਹੰਗ-ਪੁਜਾਰੀਆਂ ਦਾ ਕਬਜ਼ਾ ਸੀ। ਉਹ ਹੋਲੇ-ਮਹੱਲੇ ਸਮੇਂ ਸਿੱਖ ਸੰਗਤਾਂ ਨੂੰ ਗੁਰਦੁਆਰਾ ਕਤਲਗੜ੍ਹ ਦੀ ਅੰਦਰਲੀ ਪਰਕਰਮਾਂ ਦੀ ਯਾਤਰਾ ਕਰਨ ਨਹੀਂ ਸੀ ਦਿੰਦੇ, ਜਿਸ ਕਾਰਨ ਸੰਗਤਾਂ ਵਿਚ ਨਿਰਾਸਤਾ ਰਹਿੰਦੀ ਸੀ। ਅਖੰਡ ਕੀਰਤਨੀ ਜਥੇ ਨੇ ਨਾਮ ਬਾਣੀ ਦੇ ਪ੍ਰਵਾਹ ਤੋਂ ਉਪਜੇ ਬੀਰ-ਰਸੀ ਜਜ਼ਬੇ ਨਾਲ ਨਿਹੰਗ-ਪੁਜਾਰੀਆਂ ਨੂੰ ਪਛਾੜ ਕੇ ਸੰਗਤਾਂ ਸਮੇਤ ਅੰਦਰਲੀਆਂ ਪਰਕਰਮਾਂ ਦੀ ਯਾਤਰਾ ਤੇ ਲਗੀਆਂ ਸਾਰੀਆਂ ਰੋਕਾਂ-ਟੋਕਾਂ ਦੂਰ ਕੀਤੀਆਂ।

੪) ੧੯੭੮ ਦੇ ਵੈਸਾਖੀ ਤੇ ਨਰਕਧਾਰੀਆਂ ਵਲੋਂ ਕੀਤੀ ਜਾ ਰਹੀ ਗੁਰੂ ਕੀ ਨਿੰਦਾ ਨੂੰ ਬਰਦਾਸ਼ਤ ਨਾ ਕਰਦੇ ਹੋਏ **ਭਾਈ ਫੌਜਾ ਸਿੰਘ** ਜੀ ਦੀ ਜਥੇਦਾਰੀ ਵਿਚ ਅਖੰਡ ਕੀਰਤਨੀ ਜਥੇ ਦੇ ਯਾਤ੍ਰੂ ਸਿੰਘਾਂ ਨੇ ਸ਼ਹੀਦੀ ਪ੍ਰਾਪਤ ਕੀਤੀ ਅਤੇ ੬੦-੬੫ ਜ਼ਖਮੀ ਹੋ ਗਏ।

ਅਜ ਵੀ ਗੁਰਧਾਮਾਂ ਦੇ ਪ੍ਰਬੰਧ ਉਤੇ ਕੁਝ ਅਜਿਹਾ ਅਨਸਰ ਕਾਬਜ਼ ਹੋਇਆ ਪਿਆ ਹੈ, ਜੋ ਗੁਰਦੁਆਰਿਆਂ ਦੇ ਫੰਡਜ਼ ਦੀ ਅਯੋਗ ਵਰਤੋਂ ਕਰ ਰਿਹਾ ਹੈ। ਗੁਰਧਾਮਾਂ ਵਿਚ ਕੁਰੀਤੀਆਂ ਕਰਨ ਵਾਲੇ ਪ੍ਰਬੰਧਕਾਂ ਨੇ ਪੁਰਾਣੇ ਮਸੰਦਾਂ ਨੂੰ ਵੀ ਮਾਤ ਪਾ ਦਿਤਾ ਹੈ। ਇਸ ਪੱਖੋਂ ਕੰਨ ਵਲ੍ਹੇਟੀ ਰੱਖਣਾ, ਕਾਇਰਤਾ ਤੇ ਗੀਦੀਪੁਣਾ ਹੈ। ਪ੍ਰਬੰਧ ਵਿਚ ਸੁਧਾਰ ਲਈ ਤੱਤਪਰ ਹੋਣ ਦੀ ਜ਼ਰੂਰਤ ਹੈ।

**ਖਾਨ ਪਾਨ ਬਿਬੇਕ :—**

ਗੁਰਮਤਿ ਬਿਬੇਕੀ ਸਿੰਘਾਂ ਦੀ ਰੋਟੀ-ਬੇਟੀ ਦੀ ਸਾਂਝ ਕੇਵਲ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਸਿੰਘਾਂ ਨਾਲ ਹੀ ਰਖਣੀ ਬਣਦੀ ਹੈ। ਬੇਅੰਮ੍ਰਿਤੀਆਂ ਹੱਥੋਂ ਅਥਵਾ ਬਜ਼ਾਰਾਂ ਵਿਚੋਂ ਗੰਦ-ਮੰਦ ਖਾਣ ਵਾਲਾ 'ਗੁਰਮਤਿ-ਬਿਬੇਕੀ' ਹਰਗਿਜ਼ ਨਹੀਂ ਹੋ ਸਕਦਾ।

**ਸਰਬ-ਲੋਹ :—**

ਗੁਰਮਤਿ ਬਿਬੇਕ ਸੰਬੰਧੀ ਬਹੁਤ ਸਾਰੇ ਅਸੂਲਾਂ ਦਾ ਧ੍ਰਵਾ ਅੰਮ੍ਰਿਤ ਸਿੰਚਾਰ ਸਮਾਗਮ ਤੋਂ ਹੀ ਬਝਦਾ ਹੈ। ਅੰਮ੍ਰਿਤ, ਕੇਵਲ ਸਰਬ-ਲੋਹ ਦੇ ਬਾਟੇ ਵਿਚ ਅਤੇ ਸਰਬ-ਲੋਹ ਦੇ ਖੰਡੇ ਨਾਲ ਤਿਆਰ ਕੀਤੇ ਜਾਣ ਦਾ ਵਿਧਾਨ

ਹੈ, ਇਸ ਲਈ ਕਈ ਉਤਸ਼ਾਹੀ ਪ੍ਰੇਮੀ ਆਪਣਾ ਸਾਰਾ ਖਾਨ-ਪਾਨ ਸਰਬ-ਲੋਹ ਵਿਚ ਤਿਆਰ ਕਰਨ ਅਤੇ ਸਰਬ-ਲੋਹ ਵਿਚ ਛਕਣ ਦਾ ਨੇਮ ਜੀਵਨ ਪ੍ਰਯੰਤ ਪਾਲਨ ਦੀ ਪ੍ਰਤੱਗਿਆ ਕਰ ਲੈਂਦੇ ਹਨ। ਭਾਈ ਸਾਹਿਬ ਰਣਧੀਰ ਸਿਘ ਜੀ ਨੇ ਜੀਵਨ ਪ੍ਰਯੰਤ, ਸਰਬ-ਲੋਹ ਦਾ ਪਹਿਰਾ ਰਖਿਆ ਅਤੇ ਜੇਲ੍ਹਾਂ ਦੇ ਅਤਿ ਕਰੜੇ ਹਾਲਾਤ ਵਿਚ ਵੀ ਬੜੇ ਸਿਰੜ੍ਹ ਅਤੇ ਸਿਦਕ ਨਾਲ ਗੁਰੂ ਕਿਰਪਾ ਨ੍ਹਾਲ ਨਿਭਾਇਆ। ਅਖੰਡ ਕੀਰਤਨੀ ਜਥੇ ਦੇ ਬੇਅੰਤ ਸਿੰਘ ਸਰਬ-ਲੋਹੀ ਹੋਏ ਹਨ ਅਤੇ ਹੁਣ ਵੀ ਹਨ, ਜਿਹਨਾਂ ਦਾ ਬੜਾ ਸਤਿਕਾਰ ਕੀਤਾ ਜਾਂਦਾ ਹੈ। ਸਰਬ ਲੋਹ ਦਾ ਪਹਿਰਾ ਰਖਣਾ ਖਾਲਸਾ ਰਹਿਤ ਬਹਿਤ ਨਿਭਾਉਣ ਅਤੇ ਨਾਮ ਦੀ ਚੜ੍ਹਦੀ ਕਲਾ ਲਈ ਲਾਹੇਵੰਦਾ ਸਹਾਇਕ ਕਰਮ ਹੈ, ਪਰ ਕੇਵਲ ਇਸ ਨੂੰ ਹੀ ਚੜ੍ਹਦੀ ਕਲਾ ਦੀ ਕਸਵਟੀ ਮੰਨ ਲੈਣਾ ਟਪਲਾ ਖਾਣ ਵਾਲੀ ਗੱਲ ਹੈ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ 'ਗੁਰਮਤਿ ਬਿਬੇਕ' ਪੁਸਤਕ ਵਿਚ ਬੜੇ ਸਪੱਸ਼ਟ ਸ਼ਬਦਾਂ ਵਿਚ ਲਿਖਿਆ ਹੈ ਕਿ ਸਮੱਗਰ ਗੁਰ-ਹੁਕਮਾਂ ਨੂੰ ਕਮਾਵਣਾ ਹੀ 'ਗੁਰਮਤਿ ਬਿਬੇਕ' ਹੈ।

> "ਜਿਤਨੇ ਹੀ ਹੁਕਮ ਕੋਈ ਗੁਰਸਿਖ ਕਮਾਂਵਦਾ ਹੈ, ਉਤਨਾ ਹੀ ਉਹ ਗੁਰਸਿੱਖ ਬਿਬੇਕੀ ਹੈ। ਅਸਲ ਵਿਚ ਬਿਬੇਕੀ ਸਿੰਘ ਸੋਈ ਹੈ ਜੋ ਸਾਰ-ਬਿਬੇਕ ਸਿਫਤਿ-ਸਲਾਹ ਦੀ ਕਮਾਈ ਨੂੰ ਮੁਖ ਰਖ ਕੇ ਇਸ ਦੇ ਸੰਬੰਧਤ ਅਤੇ ਸਹਾਈ ਰੂਪ ਸਾਧਨ ਸੰਪੰਨ ਸਮੂਹ ਅਤੇ ਸਮੁੱਚੇ ਬਿਬੇਕ ਕਰਮਾਂ, ਬਿਬੇਕ ਅਸੂਲਾਂ ਨੂੰ ਹਮਾਤਨ ਹੋ ਕੇ ਕਮਾਉਂਦਾ ਹੈ। ਜੋ ਗੁਰਸਿਖ ਕਿਸੇ ਭੀ ਬਿਬੇਕ ਕਰਮ ਵਲੋਂ ਊਰਾ ਨਹੀਂ, ਓਹੀ ਪੂਰਾ ਬਿਬੇਕੀ ਹੈ।" (ਪੰਨਾ ੨੫੯)

ਅਗੇ ਚਲ ਕੇ ਆਪ ਜੀ ਫਿਰ ਹੋਰ ਸਪੱਸ਼ਟ ਕਰਦੇ ਹਨ—

> "ਪੂਰਨ ਬਿਬੇਕ ਦੇ ਕਿਸੇ ਇਕ ਅੰਗ ਉਤੇ ਹੀ ਕਮਾਈ ਦਾ ਸਾਰਾ ਜ਼ੋਰ ਦੇਣ ਵਾਲੇ ਅਸਲ ਮੰਜ਼ਲ ਉਤੇ ਨਹੀਂ ਅਪੜ ਸਕਦੇ। ਖਾਸ ਕਰਕੇ ਸਾਰ ਬਿਬੇਕ ਸਿਫਤਿ ਸਾਲਾਹ ਦੇ ਸਹਾਈ ਸਾਧਨ ਸੰਪੰਨ ਕਿਸੇ ਇਕ ਬਿਬੇਕ ਨੂੰ ਫੜ ਕੇ ਉਸੇ ਦੀ ਕਮਾਈ ਤੇ ਸਾਰਾ ਤਾਣ ਲਾਈ ਰੱਖਣਾ ਉਸ ਦੇ ਕਮਾਉਣਹਾਰੇ ਨੂੰ ਏਸ ਧੋਖੇ ਵਿਚ ਫਸਾ ਦਿੰਦਾ ਹੈ ਕਿ ਉਹ ਓਸੇ ਬਿਬੇਕ ਕਰਮ ਨੂੰ ਮੁਖ ਅਤੇ ਸਾਰ ਕਰਮ ਸਮਝਣ ਲਗ ਪੈਂਦਾ ਹੈ, ਜਿਸ ਕਰਕੇ ਉਹ ਅਸਲ ਨਿਸ਼ਾਨੇ ਤੋਂ ਉਕ ਜਾਂਦਾ ਹੈ ਅਤੇ ਉਕਿਆ ਹੀ ਰਹਿੰਦਾ ਹੈ। ਖਾਨ ਪਾਨ ਬਿਬੇਕ ਅਸੂਲ ਦੇ ਸੰਜਮੀ ਜੇ ਏਸੇ ਸੰਜਮ ਨੂੰ ਹੀ ਪਰਮ-ਧਰਮ ਸਮਝਣ ਲਗ ਜਾਣ ਤਾਂ ਇਹ ਉਹਨਾਂ ਦੀ ਅਧੋਗਤੀ ਨੂੰ ਪ੍ਰਾਪਤ ਹੋਣ ਵਾਲੀ ਭੁੱਲ ਹੈ।" (ਪੰਨਾ ੨੫੯)

ਅਖੰਡ ਕੀਰਤਨੀ ਜਥੇ ਵਿਚ ਜਾਂ ਸਮੁੱਚੇ ਪੰਥ ਵਿਚ ਸਰਬ-ਲੋਹੀਆਂ ਦਾ ਕੋਈ ਅਡਰਾ ਜਾਂ ਵਿਸ਼ੇਸ਼ ਫ਼ਿਰਕਾ ਨਹੀਂ। ਕਈ ਖਾਲਸਾ ਰਹਿਤ ਦੇ ਆਸ਼ਕ, ਗੁਰੂ ਕੇ ਲਾਲ 'ਆਤਮ ਕੈ ਚਾਇ' ਸਰਬ ਲੋਹ ਦਾ ਪਹਿਰਾ ਧਾਰਨ ਕਰ ਲੈਂਦੇ ਹਨ ਤਾਂ ਜੁ ਇਸ ਸੰਜਮ ਨਾਲ ਨਾਮ-ਸਿਮਰਨ ਦੀ ਚੜ੍ਹਦੀ ਕਲਾ ਹੋਵੇ। ਇਹ ਵੀ ਚੜ੍ਹਦੀ ਕਲਾ ਦਾ ਚੰਗਾ ਸਾਧਨ ਹੈ।

ਅੰਮ੍ਰਿਤ ਸਿੰਚਾਰ ਸਮਾਗਮਾਂ ਲਈ ਪੰਜ ਪਿਆਰਿਆਂ ਦੀ ਚੋਣ ਸਮੇਂ ਸੰਗਤ ਵਲੋਂ ਮੂਲ ਰੂਪ ਵਿਚ ਪਰਖ-ਵਟੀ 'ਨਾਮ ਸਿਮਰਨ ਦੀ ਚੜ੍ਹਦੀ ਕਲਾ' ਹੀ ਰਹੀ ਹੈ। ਇਸ ਚੋਣ ਵਿਚ ਜਿਥੇ ਸਰਬ-ਲੋਹ ਦੀ ਧਾਰਨਾ ਵਾਲੇ ਬਿਬੇਕੀ ਸਿੰਘ ਸ਼ਾਮਲ ਹੁੰਦੇ ਰਹੇ ਹਨ ਓਥੇ ਸਰਬ-ਲੋਹ ਦੀ ਧਾਰਨਾ ਤੋਂ ਬਗੈਰ ਬਿਬੇਕੀ ਸਿੰਘ ਵੀ ਲਏ ਜਾਂਦੇ ਰਹੇ ਹਨ ਅਤੇ ਇਹ ਰਵਾਇਤ ਅਜ ਤਕ ਚਲੀ ਆ ਰਹੀ ਹੈ।

ਪਿਛ ਜਿਹੇ ਸੂਹ ਮਿਲੀ ਹੈ ਕਿ ਕਿਸੇ ਸਮਾਗਮ ਤੇ ਸੰਗਤ ਵਲੋਂ ਅੰਮ੍ਰਿਤ ਸਿੰਚਾਰ ਲਈ ਨਿਸਚਿਤ ਕੀਤੇ ਪੰਜ ਸਿੰਘਾਂ ਵਿਚੋਂ ਸਰਬ-ਲੋਹੀ ਵੀਰਾਂ ਨੇ ਸਰਬ-ਲੋਹ ਬਿਬੇਕ ਦੀ ਧਾਰਨਾ ਤੋਂ ਬਗੈਰ ਬਾਕੀ ਬਿਬੇਕੀ ਸਿੰਘਾਂ ਤੇ ਕਿੰਤੂ ਪ੍ਰੰਤੂ ਕਰ ਕੇ ਉਹਨਾਂ ਦੀ ਥਾਵੇਂ ਆਪਣੇ ਵਲੋਂ ਨਿਸਚਤ ਕੀਤੇ ਸਰਬ-ਲੋਹੀ ਸਿੰਘ ਸ਼ਾਮਲ ਕਰ ਲਏ ਤੇ ਸਾਰੇ ਅੰਮ੍ਰਿਤ-ਅਭਿਲਾਖੀਆਂ ਨੂੰ ਸਰਬ-ਲੋਹ ਧਾਰਨ ਕਰਨ ਦਾ ਹੁਕਮ ਚੜ੍ਹਾਇਆ ਗਿਆ।

ਇਹ ਨਵੀਂ ਪਿਰਤ ਹੈ ਤੇ ਰੀਤਿ-ਰਵਾਇਤ ਦੇ ਉਲਟ ਹੈ। ਅਜ ਤਕ ਜਿਸ ਕਿਸੇ ਨੇ ਵੀ ਸਰਬ-ਲੋਹ

ਧਾਰਨ ਕੀਤਾ ਹੈ, ਕੇਵਲ 'ਆਤਮ ਕੈ ਚਾਇ' ਹੀ ਕੀਤਾ ਹੈ। ਇਹ ਅਜ ਤਕ ਕਿਸੇ ਤੇ ਠੋਸਿਆ ਨਹੀਂ ਗਿਆ ਅਤੇ ਅਗੋਂ ਵੀ ਇਹੋ ਰੀਤਿ-ਰਵਾਇਤ ਚਾਲੂ ਰਹਿਣੀ ਚਾਹੀਦੀ ਹੈ।

ਇਹ ਵੀ ਪਤਾ ਲਗਾ ਹੈ ਕਿ ਕਈ ਥਾਈਂ ਸਰਬ-ਲੋਹੀ ਕੁਝ ਵੀਰਾਂ ਨੇ ਸਰਬ-ਲੋਹ ਦੇ ਬਰਤਨਾਂ ਵਿਚ ਅੰਮ੍ਰਿਤ-ਧਾਰੀ ਵਿਅਕਤੀਆਂ ਵਲੋਂ ਤਿਆਰ ਕੀਤਾ ਹੋਇਆ ਲੰਗਰ ਛਕਣ ਤੋਂ ਇਸ ਕਾਰਨ ਇਨਕਾਰ ਕਰ ਦਿਤਾ ਕਿ ਤਿਆਰ ਕਰਨ ਵਾਲੀਆਂ ਬੀਬੀਆਂ ਵਿਚੋਂ ਕੁਝ ਚਾਹ ਪੀਂਦੀਆਂ ਹਨ।

ਨਿਰਸੰਦੇਹ, ਚਾਹ ਸਿਹਤ ਲਈ ਕੋਈ ਚੰਗੀ ਚੀਜ਼ ਨਹੀਂ। ਜੇ ਇਸ ਦੀ ਵਰਤੋਂ ਤੋਂ ਸੰਕੋਚ ਕੀਤਾ ਜਾਵੇ ਤਾਂ ਭਲਾ ਹੀ ਹੈ। ਪਰ ਕਿਸੇ ਚਾਹ ਪੀਣ ਵਾਲੇ ਨੂੰ ਕੁਰਹਿਤੀਆ ਜਾਂ ਤਨਖ਼ਾਹੀਆ ਸਮਝਣਾ ਵਡੀ ਭੁੱਲ ਹੈ। ਯਾਦ ਰਵ੍ਹੇ ਕਿ ਅਖੰਡ ਕੀਰਤਨੀ ਜਥੇ ਦੇ ਪੂਰਬ-ਕਾਲੀ ਜਥੇਦਾਰ ਸ੍ਰੀਮਾਨ ਬਾਬੂ ਮੱਲ ਸਿੰਘ ਜੀ ਚਾਹ ਪੀਂਦੇ ਸਨ, ਪਰ ਇਸ ਦੇ ਬਾਵਜੂਦ ਭਾ: ਸਾ: ਭਾਈ ਰਣਧੀਰ ਸਿੰਘ ਜੀ ਨਾਲ ਬਰਾਬਰ ਅੰਮ੍ਰਿਤ ਸਿੰਚਾਰ ਸਮਾਗਮਾਂ ਵਿਚ ਹਮੇਸ਼ਾ ਪੰਜ ਪਿਆਰਿਆਂ ਦੀ ਸੇਵਾ ਵਿਚ ਸ਼ਾਮਲ ਹੁੰਦੇ ਰਹੇ। ਇਸ ਲਈ ਕਿਸੇ ਚਾਹ ਪੀਣ ਵਾਲੇ ਗੁਰਸਿਖ ਤੇ ਕਿੰਤੂ ਪ੍ਰੰਤੂ ਕਰਨਾ ਬਿਲਕੁਲ ਫ਼ਜ਼ੂਲ ਹੈ। ਇਹ ਨਵਾਂ ਵਾਦ-ਵਿਵਾਦ ਬੰਦ ਹੋਣਾ ਚਾਹੀਦਾ ਹੈ।

**ਗੁਰਮੁਖ ਬਾਣਾ—**

ਅਧਿਆਤਮਿਕਕਤਾ ਦਾ ਮੂਲਕ ਤੌਰ ਤੇ ਮਨ ਦੀ ਸੁਛਤਾ ਨਾਲ ਸੰਬੰਧ ਹੈ, ਕਿਸੇ ਵਿਸ਼ੇਸ਼ ਬਾਹਰਲੇ ਵੇਸ ਭੇਖ ਨਾਲ ਨਹੀਂ। ਵਾਸਤਵ ਵਿਚ ਕਿਸੇ ਮਨੁਖ ਦੀ ਬਾਹਰਲੇ ਲਿਬਾਸ ਦੀ ਚੋਣ ਉਸ ਦੀ ਅੰਦਰਲੀ ਮਾਨਸਿਕ ਬਿਵਸਥਾ ਦੀ ਹੀ ਸੂਚਕ ਹੁੰਦੀ ਹੈ। ਜੇ ਕਿਸੇ ਨੇ ਗੁਰਮਤਿ-ਮਾਰਗ ਨੂੰ ਆਪਣੀ ਸ੍ਵੈ-ਇੱਛਾ ਅਧੀਨ ਅਪਣਾਇਆ ਹੋਇਆ ਹੈ ਅਤੇ ਅੰਦਰਲੇ ਆਤਮ-ਵਿਗਾਸ ਦਾ ਚਾਹਵਾਨ ਹੈ ਤਾਂ ਉਸ ਨੂੰ ਬਾਹਰਲਾ ਲਿਬਾਸ ਸਾਦਾ ਰਖਣਾ ਲੋੜੀਦਾ ਹੈ। ਭੜਕੀਲਾ ਲਿਬਾਸ ਜਿਥੇ ਪਹਿਨਣ ਵਾਲੇ ਦੀ ਚੰਚਲ ਰੁਚੀ ਦਾ ਸੂਚਕ ਹੁੰਦਾ ਹੈ ਓਥੇ ਆਲੇ ਦੁਆਲੇ ਨੂੰ ਵੀ ਚੰਚਲ ਕਰਦਾ ਹੈ। ਗਰਮੁਖੀ ਲਿਬਾਸ ਦੀ ਪ੍ਰਮੁਖ ਨਿਸ਼ਾਨੀ ਇਹ ਹੈ ਕਿ ਇਹ ਸਾਦਾ ਅਤੇ ਪੂਰਾ ਪੜਦਾ-ਕਜ ਹਵੇਗਾ। ਗੁਰਮੁਖੀ ਪੁਸ਼ਾਕ ਦਾ ਨਾ ਹੀ ਕਿਸੇ ਵਿਸ਼ੇਸ਼ ਰੰਗ ਨਾਲ ਸੰਬੰਧ ਹੈ ਅਤੇ ਨਾ ਹੀ ਕਿਸੇ ਵਿਸ਼ੇਸ਼ ਬਨਾਵਟ ਨਾਲ। ਜੋ ਪਹਿਰਾਵਾ ਮੰਨੇ-ਪ੍ਰਮੰਨੇ ਗੁਰਮੁਖ ਗੁਰਸਿਖ ਧਾਰਨ ਕਰਦੇ ਆਏ ਹਨ, ਉਹੀ ਗੁਰਮੁਖੀ ਪਹਿਰਾਵਾ ਕਿਹਾ ਜਾ ਸਕਦਾ ਹੈ।

ਕੁਝ ਵੀਰ ਕੇਵਲ ਨਿਹੰਗ-ਬਾਣੇ ਨੂੰ ਹੀ ਗੁਰਮੁਖੀ ਬਾਣਾ ਸਮਝਦੇ ਹਨ ਅਤੇ ਹੋਰ ਸਾਰੇ ਸਿੱਖੀ ਪਹਿਰਾਵਿਆਂ ਵਿਰੁਧ ਫ਼ਤਵ ਸਾਦਰ ਕਰਦੇ ਰਹਿੰਦੇ ਹਨ। ਏਸ ਵਹਿਣ ਵਿਚ ਵਹਿੰਦਿਆਂ ਉਹ ਅਖੰਡ ਕੀਰਤਨੀ ਜਥੇ ਦੇ ਪੂਰਬਕਾਲੀ ਅਤੇ ਪ੍ਰਚੱਲਤ ਜਥੇਦਾਰ ਸਾਹਿਬਾਨ ਦੇ ਗੁਰਮੁਖੀ ਪਹਿਰਾਵਿਆਂ ਬਾਰੇ ਭੁਲ ਹੀ ਜਾਂਦੇ ਹਨ। ਜੇ ਕਿਸੇ ਵੀਰ ਨੂੰ ਨਿਹੰਗ-ਬਾਣਾ ਭਾਉਂਦਾ ਹੈ ਤਾਂ ਉਹ ਜੀਅ ਸਦਕੇ ਪਾਵੇ, ਪਰ ਕਿਸੇ ਨੂੰ ਵੀ ਸ਼ੋਭਦਾ ਨਹੀਂ ਕਿ ਬਾਕੀ ਗੁਰ-ਮੁਖੀ ਪੁਸ਼ਾਕਿਆਂ ਤੇ ਕਿੰਤੂ-ਪ੍ਰੰਤੂ ਕਰ ਕੇ ਕੇਵਲ ਆਪਣੀ ਹੀ ਪੜਤ ਬਣਾਉਣ ਦੇ ਆਹਰ ਵਿਚ ਰੁਝਿਆ ਰਵੇ।

ਗੁਰਮਤਿ ਬਿਬੇਕ ਦਾ ਘੇਰਾ ਬਹੁਤ ਵਿਸ਼ਾਲ ਹੈ। ਹੱਥਲੀ ਲਿਖਤ ਵਿਚ ਕਵਲ ਉਹਨਾਂ ਪ੍ਰਮੁਖ ਕਰਪਾਂ ਵਲ ਹੀ ਸੰਕੇਤ ਕੀਤਾ ਗਿਆ ਹੈ ਜਿਨ੍ਹਾਂ ਬਾਰੇ ਕੁਝ ਢਿਲ ਜਾਂ ਵਖਰੇਵਾਂ ਪਿਛਲੇ ਕੁਝ ਸਮੇਂ ਤੋਂ ਵੇਖਣ ਵਿਚ ਆਇਆ ਹੈ ਜਾਂ ਜਿਨ੍ਹਾਂ ਬਾਰੇ ਕੋਈ ਖ਼ਾਸ ਨੁਕਤਾ ਸਪੱਸ਼ਟ ਕੀਤੇ ਜਾਣ ਜਾਂ ਕੁਝ ਢਿਲ ਦੂਰ ਕੀਤੇ ਜਾਣ ਦੀ ਲੋੜ ਭਾਸੀ ਹੈ।

**ਗੁਰਬਾਣੀ ਪਾਠ :—**

ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ॥ਰਹਾਉ॥੮॥ (ਸੂਹੀ ਮ. ੪, ਪੰਨਾ ੭੫੯)

ਗੁਰਬਾਣੀ ਦੀ ਮਹਿਮਾ ਅਪਰ ਅਪਾਰ ਹੈ। "ਵਾਹੁ ਵਾਹੁ ਬਾਣੀ ਨਿਰੰਕਾਰ ਹੈ"* ਗੁਰ-ਫੁਰਮਾਨ ਤੋਂ ਵਿਦੱਤ ਹੁੰਦਾ ਹੈ ਕਿ ਬਾਣੀ ਨਿਰੰਕਾਰ ਦਾ ਸਰੂਪ ਹੈ। ਗੁਰ-ਫੁਰਮਾਨ ਹੈ "ਗੁਰਬਾਣੀ ਵਰਤੀ ਜੁਗ ਅੰਤਰਿ

*ਸਲੋਕੁ ਮ: ੩, ਵਾਰ ਗੂਜਰੀ, ੧॥੧੮, ਪੰਨਾ ੫੧੫



www.AKJ.Org

ਦੁਰ ਬਾਣੀ ਤੇ ਹਰਿ ਨਾਮੁ ਪਾਇਦਾ''† । ਚੂੰਕਿ ਗੁਰਬਾਣੀ ਤੋਂ ਜੀਅ-ਦਾਨ ਪ੍ਰਾਪਤ ਹੁੰਦਾ ਹੈ, ਸੋ ਗੁਰੂ ਕੇ ਸਿਖ ਗੁਰਬਾਣੀ ਨਾਲ ਨਿਰੰਤਰ ਜੁੜੇ ਹੀ ਰਹਿੰਦੇ ਹਨ ਤੇ ਜਿਉਂ ਜਿਉਂ ਬਾਣੀ ਦਾ ਪਾਠ-ਕੀਰਤਨ ਕਰਦੇ ਹਨ, ਤਿਉਂ ਤਿਉਂ ਨਾਮ ਦਾ ਖੰਡਾ ਸਵਾਏ ਰੰਗਾਂ ਵਿਚ ਖੜਕਦਾ ਹੈ । ਪੁਸਤਕ 'ਰੰਗਲੇ ਸੱਜਣ' ਵਿਚ ਸ੍ਰੀ ਅਖੰਡ ਪਾਠ ਸਮਾਗਮਾਂ ਵਿਚ ਵਰਤੇ ਕਈ ਅਸਚਰਜ ਕੌਤਕਾਂ ਦਾ ਵਰਣਨ ਹੈ । ਪੁਰਾਤਨ ਅਖੰਡ ਪਾਠੀ ਸੱਜਣ ਪਾਠ ਦੀ ਆਪੋ ਆਪਣੀ ਰੌਲ ਲਾਉਣ ਮਗਰੋਂ ਭਾ: ਸਾ: ਰਣਧੀਰ ਸਿੰਘ ਜੀ, ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ ਅਤੇ ਹੋਰ ਸੁਸਿਖਿਅਤ ਅਖੰਡ ਪਾਠੀਆਂ ਦਾ ਪਾਠ ਕਈ ਕਈ ਘੰਟੇ ਸ੍ਰਵਣ ਕਰਦੇ ਰਹਿੰਦੇ ਸਨ । ਇਸ ਤਰ੍ਹਾਂ ਇਕ ਪਾਸੇ ਗੁਰਬਾਣੀ ਦਾ ਰਸ ਮਾਣਦੇ ਅਤੇ ਦੂਜੇ ਪਾਸੇ ਕਠਨ ਪਾਠਾਂ ਦੇ ਸ਼ਬਦ-ਜੋੜਾਂ ਅਤੇ ਬਿਸ੍ਰਾਮਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਕੇ ਗੁਰਬਾਣੀ ਦੇ ਸ਼ੁਧ ਉਚਾਰਣ ਦੀ ਟ੍ਰੇਨਿੰਗ ਲੈਂਦੇ । ਏਸੇ ਮਨੋਰਥ ਅਧੀਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਪੁਸਤਕ 'ਲਗਾਂ ਮਾਤ੍ਰਾਂ ਦੀ ਵਿਲੱਖਣਤਾ' ਲਿਖੀ । ਸਮੂਹ ਗੁਰਸਿੱਖਾਂ ਨੂੰ ਅਤੇ ਖਾਸ ਕਰਕੇ ਅਖੰਡ ਪਾਠੀ ਸਜਣਾਂ ਨੂੰ ਇਸ ਤੋਂ ਵਧ ਤੋਂ ਵਧ ਲਾਭ ਉਠਾਉਣਾ ਚਾਹੀਦਾ ਹੈ ।

ਅਖੰਡ ਕੀਰਤਨੀ ਜਥੇ ਵਲੋਂ "ਗੁਰਬਾਣੀ ਪਾਠ ਉਤਸ਼ਾਹਤ ਸਕੀਮ" ਅਧੀਨ ਸੁਚੱਜੇ ਪਾਠੀ ਬੱਚਿਆਂ ਨੂੰ, ਜੋ ਪਾਠ ਕਰਨ ਨੂੰ ਮਾਇਆ-ਪ੍ਰਾਪਤੀ ਦਾ ਸਾਧਨ ਨਾ ਬਣਾਉਂਦੇ ਹੋਣ, ਹਰ ਸਾਲ ਵਜ਼ੀਫ਼ੇ ਦਿਤੇ ਜਾਂਦੇ ਹਨ, ਪਰ ਸੁਚੱਜੇ ਪਾਠੀ ਤਿਆਰ ਕਰਨ ਲਈ ਨਵੀਂ ਪਨੀਰੀ ਨੂੰ ਗੁਰਬਾਣੀ-ਪਾਠ ਸੰਬੰਧੀ ਸਿਖਿਆ ਪ੍ਰਦਾਨ ਕਰਨ ਦਾ ਕੋਈ ਯੋਗ ਪ੍ਰਬੰਧ ਨਹੀਂ । ਇਸ ਪੱਖ ਵਲ ਧਿਆਨ ਦਿਤੇ ਜਾਣ ਦੀ ਲੋੜ ਹੈ ।

ਕਈ ਵਾਰੀ ਅਖੰਡ ਪਾਠ ੪੮ ਘੰਟਿਆਂ ਦੀ ਬਜਾਏ ਇਸ ਤੋਂ ਥੋੜੇ ਸਮੇਂ ਵਿਚ ਕਰਨ ਲਈ ਪਾਠ ਦੀ ਸਪੀਡ ਤੇਜ਼ ਕੀਤੀ ਜਾਂਦੀ ਹੈ । ਕੁਝ ਕੁ ਸੁਸਿਖਿਅਤ ਪਾਠੀ ਸੱਜਣ ਤੇਜ਼ ਸਪੀਡ ਨਾਲ ਵੀ ਪਾਠ ਸ਼ੁਧ ਅਤੇ ਸਪੱਸ਼ਟ ਸ੍ਰਵਣ ਕਰਾਉਣ ਦੀ ਮਹਾਰਤ ਰਖਦੇ ਹਨ, ਪਰ ਕਈ ਪਾਠੀ ਅਜਿਹੀ ਪ੍ਰਬੀਨਤਾ ਨਹੀਂ ਰਖਦੇ, ਇਸ ਲਈ ਉਹਨਾਂ ਦੇ ਤੇਜ਼ ਸਪੀਡ ਪਾਠ ਕਰਨ ਨਾਲ ਸਰੋਤਿਆਂ ਦੇ ਪਲੇ ਕੁਝ ਨਹੀਂ ਪੈਂਦਾ ਤੇ ਉਹਨਾਂ ਲਈ ਬੇ-ਰਸੀ ਹੁੰਦੀ ਹੈ । ਸੋ ਅਖੰਡ ਪਾਠੀ ਵੀਰਾਂ ਲਈ ਜ਼ਰੂਰੀ ਹੈ ਕਿ ਉਹ ਪਾਠ ਖੜਕ ਕੇ ਸ਼ੁਧ ਅਤੇ ਸਪੱਸ਼ਟ ਕਰਨ ਦੀ ਕਿਰਪਾਲਤਾ ਕਰਨ ਅਤੇ ਕਠਨ ਪਾਠਾਂ ਦੇ ਸ਼ਬਦ-ਜੋੜਾਂ ਬਾਰੇ ਹੋਰ ਪਾਠੀਆਂ ਨਾਲ ਸਾਰ-ਗ੍ਰਾਹੀ ਬਿਰਤੀ ਨਾਲ ਵਿਚਾਰ-ਵਟਾਂਦਰਾ ਕਰਦੇ ਰਿਹਾ ਕਰਨ । ਅਖੰਡ ਪਾਠ ਸਮਾਗਮਾਂ ਸਮੇਂ ਗੁਰਬਾਣੀ ਦੇ ਸ਼ੁਧ ਅਤੇ ਸਪੱਸ਼ਟ ਉਚਾਰਣ ਵਲ ਵਧੇਰੇ ਧਿਆਨ ਦਿਤਾ ਜਾਣਾ ਚਾਹੀਦਾ ਹੈ ਅਤੇ ੪੮ ਘੰਟਿਆਂ ਤੋਂ ਘਟ ਸਮੇਂ ਵਿਚ ਭੋਗ ਪਾਉਣ ਨੂੰ ਨਿਤ-ਵਿਹਾਰ (*routine*) ਹੀ ਨਹੀਂ ਬਣਾਉਣਾ ਚਾਹੀਦਾ ।

ਪਿਛਲੇਰੇ ਸਮੇਂ ਵਿਚ ਇਹ ਪ੍ਰਥਾ ਰਹੀ ਹੈ ਕਿ ਸ੍ਰੀ ਅਖੰਡ ਪਾਠ ਦੇ ਪ੍ਰਵਾਹ ਸਮੇਂ ਕੋਈ ਸਮਾਨੰਤਰ ਕੀਰਤਨ ਸਮਾਗਮ ਨਹੀਂ ਸੀ ਰਖੇ ਜਾਂਦੇ । ਸਿਟੇ ਵਜੋਂ ਗੁਰਬਾਣੀ ਪਾਠ ਸ੍ਰਵਣ ਕਰਨ ਵਾਲਿਆਂ ਦੀ ਹਰ ਸਮੇਂ ਭੀੜ ਪਈ ਰਹਿੰਦੀ ਸੀ । ਰਸ-ਭਿੰਨਾ ਪਾਠ ਸ੍ਰਵਣ ਕਰ ਕੇ ਸ੍ਰੋਤਿਆਂ ਅੰਦਰ ਪਾਠ ਕਰਨ ਲਈ ਉਤਸ਼ਾਹ ਉਮਾਹ ਜਾਗਦਾ ਰਹਿੰਦਾ ਸੀ ।

ਹੁਣ ਕੁਝ ਸਮੇਂ ਤੋਂ ਅਖੰਡ ਪਾਠ ਦੇ ਨਾਲ ਨਾਲ ਕੀਰਤਨ ਸਮਾਗਮ ਰਖੇ ਜਾਣੇ ਸ਼ੁਰੂ ਹੋ ਗਏ ਹਨ । ਸਿਟੇ ਵਜੋਂ ਪਾਠ ਸ੍ਰਵਣ ਕਰਨ ਦੀ ਰੁਚੀ ਘਟ ਗਈ ਹੈ । ਵਖ ਵਖ ਥਾਵਾਂ ਵਿਖੇ ਸਮਾਗਮਾਂ ਦੇ ਪ੍ਰਬੰਧਕਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਮਾਗਮ ਦੇ ਅਰੰਭਕ ਦਿਨਾਂ ਵਿਚ ਪਹਿਲਾ ਸ੍ਰੀ ਅਖੰਡ ਪਾਠ ਕਰ ਲਿਆ ਜਾਵੇ ਅਤੇ ਫਿਰ ਅਗਲੇ ਦਿਨਾਂ ਵਿਚ ਕੀਰਤਨ ਦੇ ਪ੍ਰੋਗਰਾਮ ਉਲੀਕੇ ਜਾਇਆ ਕਰਨ ।

**ਪੋਥੀ ਕੀਰਤਨ—**

ਪਿਛਲੇ ਕੁਝ ਸਮੇਂ ਤੋਂ ਪੋਥੀ ਤੋਂ ਕੀਰਤਨ ਕੀਤੇ ਜਾਣ ਬਾਰੇ ਫ਼ਜ਼ੂਲ ਵਾਦ-ਵਿਵਾਦ ਪੇਖਣ ਸੁਣਨ ਵਿਚ

†ਮਾਝ ਮ: ੩, ॥੩॥ ਪੰਨਾ ੧-੬੬

ਆ ਰਿਹਾ ਹੈ। ਨਿਰਸੰਦੇਹ, ਕੰਠਾਗਰ ਬਾਣੀ ਦਾ ਕੀਰਤਨ ਆਦਰਸ਼ਕ ਹੈ, ਪਰ ਪੋਥੀ ਤੋਂ ਕੀਰਤਨ ਕਰਨ ਨੂੰ ਪਾਪ ਦਾ ਫ਼ਤਵਾ ਸਾਦਰ ਕਰਨਾ ਗ਼ਲਤ ਹੈ। ਕੰਠਾਗਰ ਕੀਰਤਨ ਲਈ ਨਿਰਮਲ ਪ੍ਰੇਰਨਾ ਵਧੇਰੇ ਸਾਰਥਕ ਹੋ ਸਕਦੀ ਹੈ ਤੇ ਇਹੀ ਆਦਰਸ਼ਕ ਤਰੀਕਾ ਹੈ। ਭਾ: ਸਾ: ਰਣਧੀਰ ਸਿੰਘ ਜੀ ਦੇ ਵੇਲੇ ਵੀ ਪੋਥੀ ਤੋਂ ਕੀਰਤਨ ਹੁੰਦਾ ਰਿਹਾ ਹੈ, ਪਰ ਉਸ ਸਮੇਂ ਕੋਈ ਵਾਦ-ਵਿਵਾਦ ਨਹੀਂ ਸੀ। ਦਰ-ਅਸਲ ਜਿਹੜੀ ਗੱਲ ਨੂੰ ਯਕੀਨੀ ਬਣਾਉਣ ਦੀ ਲੋੜ ਹੈ ਉਹ ਇਹ ਹੈ ਕਿ ਗੁਰਬਾਣੀ ਦਾ ਉਚਾਰਣ ਸ਼ੁਧ ਅਤੇ ਸਪੱਸ਼ਟ ਹੋਵੇ, ਕੀਰਤਨ ਪ੍ਰੇਮ ਨਾਲ ਜੁੜ ਕੇ ਕੀਤਾ ਜਾਵੇ ਅਤੇ ਪੋਥੀ ਦਾ ਸਤਿਕਾਰ ਬਾਕਾਇਦਾ ਕਾਇਮ ਰਖਿਆ ਜਾਵੇ, ਇਸ ਨੂੰ ਵਾਦ-ਵਿਵਾਦ ਦਾ ਵਿਸ਼ਾ ਬਣਾਉਣ ਤੋਂ ਸਦਾ ਸੰਕੋਚ ਕਰਨਾ ਚਾਹੀਦਾ ਹੈ। ਗੁਰਬਾਣੀ ਜਿਵੇਂ ਵੀ ਕੋਈ ਪੜ੍ਹਦਾ ਹੈ ਉਸ ਦਾ ਸਤਿਕਾਰ ਕਰਨਾ ਬਣਦਾ ਹੈ।

**ਗੁਰਮਤਿ ਸਾਹਿਤ ਦੁਆਰਾ ਪ੍ਰਚਾਰ–**

ਭਾ: ਸਾ: ਭਾ: ਰਣਧੀਰ ਸਿੰਘ ਜੀ ਨੇ ਗੁਰਮਤਿ ਦੇ ਵਖ ਵਖ ਵਿਸ਼ਿਆਂ ਤੇ ਤਕਰੀਬਨ ਚਾਲੀ ਵਡੀਆਂ ਛੋਟੀਆਂ ਪੁਸਤਕਾਂ ਰਚੀਆਂ, ਜੋ ਉਹਨਾਂ ਦੇ ਜੀਵਨ-ਕਾਲ ਵਿਚ ਹੀ ਪ੍ਰਕਾਸ਼ਤ ਹੋ ਗਈਆਂ। ਅਖੰਡ ਕੀਰਤਨੀ ਜਥੇ ਦਾ ਘੇਰਾ ਵਿਸ਼ਾਲ ਕਰਨ ਵਿਚ ਇਹਨਾਂ ਗੁਰਮਤਿ-ਪੁਸਤਕਾਂ ਦੀ ਵੀ ਵੱਡੀ ਦੇਣ ਹੈ। ਗੁਰਮਤਿ ਸੰਬੰਧੀ ਵਖ ਵਖ ਨੁਕਤਿਆਂ ਨੂੰ ਇਹਨਾਂ ਪੁਸਤਕਾਂ ਵਿਚ, ਗੁਰਬਾਣੀ ਦੇ ਚਾਨਣ ਵਿਚ, ਖ਼ੂਬ ਨਿਖਾਰਿਆ ਹੋਇਆ ਹੈ। 'ਅਨਹਦ ਸ਼ਬਦ ਦਸਮ ਦੁਆਰ' ਅਤੇ 'ਸਚ-ਖੰਡ ਦਰਸ਼ਨ' ਜਿਹੇ ਸੂਖਮ ਵਿਸ਼ਿਆਂ ਨੂੰ ਗੁਰ-ਪ੍ਰਮਾਣਾਂ ਅਤੇ ਨਿਜੀ ਤਜਰਬਿਆਂ ਦੇ ਅਧਾਰ ਤੇ ਸੁਗਮ ਢੰਗ ਨਾਲ ਪੇਸ਼ ਕੀਤਾ ਹੋਇਆ ਹੈ।

ਭਾਈ ਸਾਹਿਬ ਜੀ ਦੇ ਸਚਖੰਡ ਪਿਆਨੇ ਮਗਰੋਂ ਉਹਨਾਂ ਦੇ ਸੁਜੋਗ ਸਪੁਤਰ ਭਾਈ ਸਾਹਿਬ ਬਲਬੀਰ ਸਿੰਘ ਜੀ ਵਲੋਂ ਇਹਨਾਂ ਪੁਸਤਕਾਂ ਦੀ ਪੁਨਰ ਪ੍ਰਕਾਸ਼ਨਾ ਸੰਬੰਧੀ ਅਖੰਡ ਕੀਰਤਨੀ ਜਥੇ ਦੇ ਕੁਝ ਸੁਹਿਰਦ ਅਤੇ ਸੁਘੜ ਸੱਜਣਾਂ ਦਾ ਟ੍ਰਸਟ ਕਾਇਮ ਕੀਤਾ ਹੋਇਆ ਹੈ। ਇਸ ਟ੍ਰਸਟ ਵਲੋਂ ਕਈ ਪੁਸਤਕਾਂ ਦੀਆਂ ਐਡੀਸ਼ਨਾਂ ਛਾਪੀਆਂ ਗਈਆਂ ਹਨ, ਜਿਨ੍ਹਾਂ ਦੀ ਪ੍ਰਕਾਸ਼ਨ ਸਮੇਂ ਸੁਧਾਈ ਵਲ ਵਿਸ਼ੇਸ਼ ਧਿਆਨ ਦਿਤਾ ਗਿਆ ਹੈ। ਇਸ ਪਾਸੇ ਹੋਈ ਪ੍ਰਗਤੀ ਦੇ ਬਾਵਜੂਦ ਅਜੇ ਲੋੜੀਂਦੇ ਟੀਚੇ ਦੀ ਪ੍ਰਾਪਤੀ ਲਈ ਬਹੁਤ ਕੁਝ ਕਰਨ ਵਾਲਾ ਹੈ। ਕਈ ਪੁਸਤਕਾਂ ਦੀਆਂ ਪ੍ਰਕਾਸ਼ਤ ਕੀਤੀਆਂ ਐਡੀਸ਼ਨਾਂ ਕਾਫ਼ੀ ਦੇਰ ਦੀਆਂ ਸਮਾਪਤ ਹੋਈਆਂ ਰਹਿੰਦੀਆਂ ਹਨ।

ਇਸ ਟ੍ਰਸਟ ਵਲੋਂ ਵਿਸ਼ੇਸ਼ ਧਿਆਨ ਦੇ ਕੇ ਇਹ ਗੱਲ ਯਕੀਨੀ ਬਣਾਈ ਜਾਣੀ ਚਾਹੀਦੀ ਹੈ ਕਿ ਹਰੇਕ ਪੁਸਤਕ ਦੀ ਐਡੀਸ਼ਨ ਸਮਾਪਤ ਹੋਣ ਤੋਂ ਪਹਿਲਾਂ ਨਵੀਂ ਐਡੀਸ਼ਨ ਛਪ ਜਾਵੇ। ਟ੍ਰਸਟ ਦੀ ਕਾਰਜ਼-ਕੌਸ਼ਲਤਾ ਦੇ ਰਾਹ ਵਿਚ ਮਾਇਕੀ ਜਾਂ ਯੋਗ ਕਰਿੰਦਿਆਂ ਦੇ ਪਾਖੋਂ ਜੇ ਕੋਈ ਔਕੜਾਂ ਹਨ ਤਾਂ ਉਹਨਾਂ ਦੀ ਘੋਖ ਕਰਨ ਅਤੇ ਯੋਗ ਹਲ ਲਭਣ ਲਈ ਟ੍ਰਸਟ ਦੇ ਪ੍ਰਧਾਨ ਸਾਹਿਬ ਵਲੋਂ ਜੇ ਜ਼ਰੂਰਤ ਹੋਵੇ ਤਾਂ ਟ੍ਰਸਟ ਦੇ ਦੋ ਮੈਂਬਰਾਂ ਦੀ ਇਕ ਸਬ-ਕਮੇਟੀ ਬਣਾ ਕੇ ਟ੍ਰਸਟ ਦੇ ਕੰਮ ਕਾਜ ਵਿਚ ਫੁਰਤੀ ਲਿਆਂਦੀ ਜਾ ਸਕਦੀ ਹੈ। ਗੁਰਸਿੱਖਾਂ ਦੇ ਦਸਵੰਧ ਦੀ ਰਕਮ ਨਾਲ ਪ੍ਰਚਾਰ ਦੀ ਖ਼ਾਤਰ ਪੁਸਤਕਾਂ ਦਾ ਮੁਲ ਲਾਗਤ ਮਾਤਰ ਰਖਿਆ ਜਾਂਦਾ ਹੈ।

ਪੁਸਤਕਾਂ ਦੀ ਛਪਾਈ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਘਟੋ ਘਟ ਦਸ ਲਖ ਰੁਪਏ ਪੁਸਤਕ-ਫ਼ੰਡ ਇਕੱਤਰ ਕੀਤੇ ਜਾਣ ਦੀ ਲੋੜ ਹੈ। ਸੰਗਤਾਂ ਨੂੰ ਇਸ ਸ਼ੁਭ ਕਾਰਜ ਲਈ ਮਾਇਆ ਸਫਲ ਕਰਨੀ ਚਾਹੀਦੀ ਹੈ।

**ਗੁਰਮਤਿ ਅਕੈਡਮੀ–**

ਪੁਸਤਕਾਂ ਦੀ ਛਪਾਈ, ਕੀਰਤਨ-ਸਿਖਲਾਈ, ਗੁਰਬਾਣੀ ਪਾਠ ਟਰੇਨਿੰਗ ਆਦਿ ਰਾਹੀਂ ਗੁਰਮਤਿ ਦੇ ਪ੍ਰਚਾਰ ਲਈ ਲੁਧਿਆਣਾ ਵਿਖੇ ਭਾ: ਸਾ: ਭਾਈ ਰਣਧੀਰ ਸਿੰਘ ਅਕੈਡਮੀ ਸਥਾਪਤ ਕੀਤੀ ਗਈ ਹੈ। ਇਸ ਵਿਚ ਕੀਰਤਨ ਅਤੇ ਗੁਰਬਾਣੀ ਪਾਠ ਸਿਖਲਾਈ ਦੀਆਂ ਕਲਾਸਾਂ ਪਿਛਲੇ ਸਾਲ ਤੋਂ ਚਾਲੂ ਹਨ। ਇਸ ਅਕੈਡਮੀ ਨੂੰ ਚੰਗੇਰੇ ਢੰਗ ਨਾਲ ਚਲਾਉਣ ਲਈ ਵੀ ਘਟੋ ਘਟ ਦੋ ਲਖ ਰੁਪਏ ਸਲਾਨਾ ਖਰਚੇ ਦੀ ਬਿਵਸਥਾ ਹੈ। ਸੋ, ਸਮੂਹ ਗੁਰਸਿਖਾਂ ਨੂੰ ਇਸ ਮਹਾਨ ਕਾਰਜ ਲਈ ਮਾਇਕ ਸਹਾਇਤਾ ਲਈ ਪ੍ਰੇਰਨਾ-ਮਈ ਅਪੀਲ ਕੀਤੀ ਜਾਂਦੀ ਹੈ।


www.AKJ.Org

# ਗੋਇੰਦਵਾਲ ਵਿਖੇ ਬਾਉਲੀ ਸਾਹਿਬ ਦੀ ਉਸਾਰੀ

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਗੋਇੰਦਵਾਲ ਵਿਚ ਸਾਂਝੇ ਖੂਹ ਭਾਵੇਂ ਕਈ ਸਨ, ਪਰ ਸਿੱਖਾਂ ਨੂੰ ਕਈ ਕਾਰਨਾਂ ਕਰਕੇ ਪਾਣੀ ਦੀ ਤਕਲੀਫ਼ ਸੀ। ਕਾਫ਼ੀ ਦੇਰ ਤੋਂ ਸ਼ਰਾਰਤੀ ਖੋਜੇ ਸਿਖ ਸੰਗਤਾਂ ਦੇ ਘੜੇ ਤੇ ਗਾਗਰਾਂ ਭੰਨ ਕੇ ਤੰਗ ਕਰ ਰਹੇ ਸਨ। 'ਪਾਪੀ ਕੇ ਮਾਰਨੇ ਕੋ ਪਾਪ ਮਹਾ ਬਲੀ ਹੈ' ਦੀ ਕਹਾਵਤ ਅਨੁਸਾਰ ਉਹਨਾਂ ਭੂਤਰੇ ਹੋਏ ਖੋਜਿਆਂ ਦੀ ਭੁਗਤ ਪਹਿਲਾਂ ਸੰਨਿਆਸੀਆਂ ਦੇ ਟੋਲੇ ਵਲੋਂ ਤੇ ਫੇਰ ਸ਼ਾਹੀ ਹਾਕਮਾਂ ਵਲੋਂ ਚੰਗੀ ਤਰ੍ਹਾਂ ਸਵਾਰੀ ਗਈ। ਦੂਜੇ ਪਾਸੇ ਖਤਰੀ ਅਤੇ ਬ੍ਰਾਹਮਣ ਛੂਤ ਛਿਟ ਕਾਰਨ ਆਏ ਦਿਨ ਸ਼ਰਾਰਤਾਂ ਕਰਦੇ ਰਹਿੰਦੇ ਸਨ।

ਸੋ ਸਤਿਗੁਰੂ ਅਮਰਦਾਸ ਜੀ ਨੇ ਚੰਗਾ ਸਮਝਿਆ ਕਿ ਗੋਇੰਦਵਾਲ ਵਿਚ ਇਕ ਵੱਡੀ ਬਾਉਲੀ ਬਣਵਾਈ ਜਾਵੇ। ਹੁਕਮਨਾਮੇ ਭੇਜ ਕੇ ਸੰਗਤਾਂ ਇਕੱਤਰ ਕੀਤੀਆਂ ਤੇ ਸੰਮਤ ੧੬੧੬ ਵਿਚ ਬਾਉਲੀ ਦਾ ਟੱਕ ਬਾਬਾ ਬੁੱਢਾ ਜੀ ਹਥੋਂ ਲਵਾਇਆ ਗਿਆ। ਸੇਵਾ ਦਾ ਮਹਾਨ ਕੁੰਭ ਅਰੰਭ ਹੋ ਗਿਆ। ਸੰਗਤਾਂ ਸੇਵਾ ਵਿਚ ਜੁਟ ਗਈਆਂ।

ਇਸ ਬਾਉਲੀ ਦੀ ਕਾਰ-ਸੇਵਾ ਦੁਆਰਾ ਹੀ ਸ੍ਰੀ ਰਾਮਦਾਸ ਜੀ ਨੂੰ ਕਰੜੀ ਘਾਲਨਾ ਕਰ ਕੇ ਸਤਿਗੁਰਾਂ ਦੀ ਪ੍ਰਸੰਨਤਾ-ਪ੍ਰਾਪਤੀ ਦਾ ਵਧੇਰੇ ਅਵਸਰ ਮਿਲਿਆ। ਆਪ ਨੇ ਦਿਨ ਰਾਤ ਇਕ ਕਰਕੇ ਟੋਕਰੀ ਢੋਈ। ਆਪ ਜੀ ਦਾ ਸਿਰ ਮੂੰਹ ਕਪੜੇ ਗਾਰੇ ਨਾਲ ਲਿਬੜੇ ਰਹਿੰਦੇ। ਲਾਹੌਰੋਂ ਸ਼ਰੀਕੇ ਕਬੀਲੇ ਦੇ ਕੁਝ ਰਿਸ਼ਤੇਦਾਰਾਂ ਨੇ ਜਦੋਂ ਆ ਕੇ ਸ੍ਰੀ ਰਾਮਦਾਸ ਜੀ ਨੂੰ ਸਹੁਰੇ ਘਰ ਮਜ਼ਦੂਰਾਂ ਵਾਲਾ ਕੰਮ ਕਰਦੇ ਵੇਖਿਆ ਤਾਂ ਬਹੁਤ ਦੁਖੀ ਹੋਏ ਅਤੇ ਲਗੇ ਸ੍ਰੀ ਰਾਮਦਾਸ ਜੀ ਨੂੰ ਮੇਹਣੇ ਤਾਹਨੇ ਦੇਣ, ਪਰ ਸਤ-ਸੰਗਤ ਦੀ ਕਿਰਪਾ ਨਾਲ ਸ੍ਰੀ ਰਾਮਦਾਸ ਜੀ ਦੇ ਅੰਦਰ ਸੋਝੀ ਹੋ ਚੁਕੀ ਸੀ ਕਿ ਇਸ ਸੇਵਾ ਵਿਚ ਬਖਸ਼ਸ਼ਾਂ ਦੇ ਭੰਡਾਰ ਲੁਕੇ ਹੋਏ ਹਨ, ਜਿਨ੍ਹਾਂ ਦੀ ਸਾਰ ਮਾਦਾ-ਪ੍ਰਸਤ ਸੰਸਾਰੀ ਲੋਕਾਂ ਨੂੰ ਨਹੀਂ ਹੋ ਸਕਦੀ। ਆਪ ਭਲੀ ਪ੍ਰਕਾਰ ਜਾਣਦੇ ਸਨ ਕਿ ਆਪਾ ਨਿਵਾਰ ਕੇ ਅਤੇ ਲੋਕ ਲਾਜ ਤਿਆਗ ਕੇ ਹੀ ਸੇਵਾ ਕੀਤੀ ਜਾ ਸਕਦੀ ਹੈ। ਸੋ ਆਪ ਜੀ ਦਿਨ ਰਾਤ ਬਾਉਲੀ ਦੀ ਸੇਵਾ ਵਿਚ ਜੁਟੇ ਰਹੇ। ਸਾਰੇ ਸੇਵਾਦਾਰਾਂ ਨੂੰ ਗੁਰੂ ਪਾਤਸ਼ਾਹ ਆਪਣੀ ਮੇਹਰ ਦੀ ਨਜ਼ਰ ਨਾਲ ਸਦਾ ਨਿਵਾਜਦੇ ਰਹਿੰਦੇ ਤੇ ਇਸ ਨਾਲ ਸੇਵਕਾਂ ਅੰਦਰ ਦੂਣ ਸਵਾਇਆ ਉਤਸ਼ਾਹ ਬਣਿਆ ਰਹਿੰਦਾ।

ਦੂਰੋਂ ਨੇੜਿਓਂ ਸਿਖ ਸੰਗਤਾਂ ਬੜੇ ਚਾਅ ਅਤੇ ਉਤਸ਼ਾਹ ਨਾਲ ਸੇਵਾ ਕਰਨ ਲਈ ਆਉਂਦੀਆਂ ਰਹਿੰਦੀਆਂ। ਏਹਨਾਂ ਸੇਵਾਦਾਰਾਂ ਵਿਚੋਂ ਕਾਬਲ ਦੀ ਇਕ ਮਾਈ ਟੋਕਰੀ ਢੋਂਦੀ ਹੋਈ ਕਦੇ ਕਦੇ ਦੋ ਚਾਰ ਵਾਰੀ ਆਪਣਾ ਸੱਜਾ ਹੱਥ ਅਗੇ ਪਿਛੇ ਕਰਦੀ। ਜਦ ਕਈ ਵਾਰ ਅਜਿਹਾ ਕਰਦਿਆਂ ਦੇਖਿਆ ਗਿਆ ਤਾਂ ਸਾਥੀ ਸੇਵਾਦਾਰਾਂ ਨੇ ਇਸ ਬਾਰੇ ਪੁਛ ਕੀਤੀ। ਮਾਈ ਨੇ ਬੜੀ ਨਿਮਰਤਾ ਨਾਲ ਸੰਕੋਚਵੇਂ ਸ਼ਬਦਾਂ ਵਿਚ ਦਸਿਆ ਕਿ ਉਹ ਛੋਟਾ ਬੱਚਾ ਪੰਘੂੜੇ ਵਿਚ ਪਿਆ ਛੱਡ ਕੇ ਆਈ ਹੈ। ਜਦੋਂ ਬੱਚਾ ਰੋਂਦਾ ਹੈ ਤਾਂ ਉਹ ਇਥੋਂ ਪੰਘੂੜਾ ਹਿਲਾ ਦੇਂਦੀ ਹੈ। ਸੇਵਾ ਦੀ ਬਰਕਤ ਸਦਕਾ ਰਿਧੀਆਂ ਸਿਧੀਆਂ ਸੇਵਕਾਂ ਦੇ ਅਗੇ ਪਿਛੇ ਲਗੀਆਂ ਫਿਰਦੀਆਂ ਸਨ, ਪਰ ਸ਼ਬਦ ਦੇ ਆਸ਼ਕ ਗੁਰਸਿਖ ਇਹਨਾਂ ਵਲ ਗੁਮੇਹ ਹੀ ਨਾ ਕਰਦੇ ਤੇ ਸੇਵਾ ਕਰਦੇ ਹੋਏ ਸਦਾ ਸ਼ਬਦ-ਸੁਰਤ ਦਾ ਪਰਚਾ ਪਾਈ ਰਖਦੇ।

ਬਾਉਲੀ ਦੀਆਂ ਚੁਰਾਸੀ ਪਉੜੀਆਂ ਬਣਾਉਣ ਦਾ ਪਲਾਨ ਬਣਾਇਆ ਗਿਆ, ਤਾਂ ਜੁ ਇਹ ਬਾਉਲੀ ਜਗਿਆਸੂਆਂ ਨੂੰ ਸੰਕੇਤ ਕਰਦੀ ਰਵ੍ਹੇ ਮਨੁੱਖੀ ਸਰੀਰ ਵਲ, ਜੋ ਇਕ ਅਮੋਲਕ ਦਾਤਿ ਹੈ ਤੇ ਜੋ ਚੁਰਾਸੀ ਲਖ ਜੂਨਾਂ ਮਗਰੋਂ ਵਡੇ ਭਾਗਾਂ ਨਾਲ ਪ੍ਰਾਪਤ ਹੋਇਆ ਹੈ, ਅਤੇ ਇਸ ਦੇ ਨਾਲ ਹੀ ਇਹ ਬਾਉਲੀ ਸੰਕੇਤ ਕਰਦੀ ਰਵ੍ਹੇ ਅੰਮ੍ਰਿਤ ਦੇ ਸੁਹਣੇ ਚਸ਼ਮੇ ਵਲ, ਜਿਹੜਾ ਇਸ ਸਰੀਰ ਵਿਚ ਹੀ ਗੁਪਤ ਵਗਦਾ ਹੈ ਤੇ ਜਿਸ ਦਾ ਜਲ ਪਾਨ ਕੀਤਿਆਂ, ਜਿਸ ਦੇ ਇਸ਼ਨਾਨ ਕੀਤਿਆਂ ਮਨੁੱਖ ਦੀ ਚੁਰਾਸੀ ਕਟੀ ਜਾਂਦੀ ਹੈ।

ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥੨॥੬॥ (੫੭੦)



www.AKJ.Org

ਇਹੋ ਕਾਰਨ ਹੈ ਕਿ ਸਿਖ ਸੰਗਤਾਂ ਵਿਚ ਅਜ ਤਕ ਇਹ ਵਿਸ਼ਵਾਸ ਬਣਿਆ ਆ ਰਿਹਾ ਹੈ ਕਿ ਬਾਉਲੀ ਦੇ ਕੰਢੇ ਪ੍ਰੇਮ ਪੂਰਬਕ ਚੁਰਾਸੀ ਸ੍ਰੀ ਜਪੁਜੀ ਸਾਹਿਬ ਦੇ ਪਾਠ, ਇਸ਼ਨਾਨ ਸੰਯੁਕਤ ਕੀਤਿਆਂ ਮਨੁਖ ਦੀ ਚੁਰਾਸੀ ਕਟੀ ਜਾਂਦੀ ਹੈ।

ਜਦ ਬਾਉਲੀ ਦੀ ਨਿਸਚਿਤ ਡੂੰਘਾਈ ਤਕ ਖੁਦਾਈ ਮੁਕੰਮਲ ਹੋ ਗਈ ਤਾਂ ਥਲੇ ਕਰੜੀ ਮਿੱਟੀ ਦਾ ਕੜ ਆ ਗਿਆ, ਜਿਸ ਨੂੰ ਕਹੀ ਨਾਲ ਪੁਟਣਾ ਅਸੰਭਵ ਹੋ ਗਿਆ। ਗੁਰੂ ਪਾਤਸ਼ਾਹ ਆਪ ਆਏ ਤੇ ਸਾਰੀ ਸਥਿਤੀ ਅੱਖੀਂ ਡਿਠੀ। ਖੂਹ ਪੁੱਟਣ ਵਾਲੇ ਮਾਹਰਾਂ ਨੇ ਦਸਿਆ ਕਿ ਇਸ ਨੂੰ ਲੋਹੇ ਦੀਆਂ ਛੈਣੀਆਂ ਤੇ ਵਧਾਨ ਦੀ ਸਹਾਇਤਾ ਨਾਲ ਹੀ ਤੋੜਿਆ ਜਾ ਸਕਦਾ ਹੈ, ਪਰ ਖ਼ਤਰਾ ਇਹ ਹੈ ਕਿ ਛੈਣੀ ਉਤੇ ਵਦਾਨ ਦੀਆਂ ਸੱਟਾਂ ਲਗਾਤਾਰ ਲਾਇਆਂ ਜਦੋਂ ਕੜ ਪਾਟਾ ਤਾਂ ਪਾਣੀ ਬੜੀ ਤੇਜ਼ੀ ਨਾਲ ਨਿਕਲੇਗਾ, ਜਿਸ ਨਾਲ ਕੜ ਪਾੜਨ ਵਾਲੇ ਵਿਅਕਤੀ ਦੇ ਡੁਬ ਜਾਣ ਦਾ ਖ਼ਤਰਾ ਹੋ ਸਕਦਾ ਹੈ।

ਭਾਵੇਂ ਕੜ ਤੋੜਨ ਵਿਚ ਜਾਨ ਦਾ ਖ਼ਤਰਾ ਸੀ, ਪਰ ਸਿਖ-ਸੇਵਕ ਆਪਣੀ ਜਾਨ ਸਤਿਗੁਰੂ ਜੀ ਦੀ ਅਮਾਨਤ ਜਾਣਦੇ ਸਨ, ਇਸ ਲਈ ਇਕ ਅਨਿੰਨ ਸੇਵਕ ਭਾਈ ਮਾਣਕ ਚੰਦ, ਜੋ ਮਾਂ ਪਿਓ ਦਾ ਇਕੱਲਾ ਪੁਤਰ ਸੀ, ਇਸ ਸੇਵਾ ਲਈ ਅਗੇ ਨਿਤਰਿਆ। ਗੁਰੂ ਗੁਰੂ ਜਪਦਿਆਂ ਉਸ ਨੇ ਛੈਣੀ ਤੇ ਵਧਾਨ ਦੀਆਂ ਸੱਟਾਂ ਮਾਰਨੀਆਂ ਅਰੰਭ ਦਿੱਤੀਆਂ। ਓਹੋ ਗੱਲ ਹੋਈ, ਕੜ ਤਾਂ ਟੁਟ ਗਿਆ ਪਰ ਪਾਣੀ ਮੋਘੇ ਵਿਚ ਏਨੀ ਜ਼ੋਰ ਦੀ ਉਛਾਲਾ ਮਾਰ ਕੇ ਨਿਕਲਿਆ ਕਿ ਭਾਈ ਮਾਣਕ ਚੰਦ ਪਾਣੀ ਦੀ ਲਪੇਟ ਵਿਚ ਆ ਗਿਆ। ਸਾਰੇ ਪਾਸੇ ਰੌਲਾ ਪੈ ਗਿਆ ਕਿ ਭਾਈ ਮਾਣਕ ਚੰਦ ਬਾਉਲੀ ਵਿਚ ਡੁਬ ਗਿਆ ਹੈ। ਭਾਈ ਜੀ ਦੀ ਮਾਂ ਰੋਣ ਲਗ ਪਈ, ਪਰ ਗੁਰੂ ਪਾਤਸ਼ਾਹ ਜੀ ਨੇ ਤਸੱਲੀ ਦੇ ਦਿਆਂ ਫ਼ੁਰਮਾਇਆ, "ਬਾਉਲੀ ਡੁਬਦਿਆਂ ਨੂੰ ਤਾਰਨ ਲਈ ਹੈ, ਇਸ ਵਿਚ ਕੋਈ ਡੁਬ ਨਹੀਂ ਸਕਦਾ। ਮਾਣਕ ਚੰਦ ਨੇ ਪ੍ਰਾਣ ਸੋਧੇ ਹੋਏ ਹਨ, ਉਹ ਮਰਜੀਵੜਾ ਹੈ।"

ਥੋੜੀ ਦੇਰ ਮਗਰੋਂ ਹੀ ਭਾਈ ਮਾਣਕ ਚੰਦ ਦਾ ਸਰੀਰ ਉਤੇ ਤਰ ਆਇਆ। ਗੁਰੂ ਪਾਤਸ਼ਾਹ ਜੀ ਨੇ ਆਪਣੇ ਕਰ-ਕਮਲਾਂ ਨਾਲ ਉਠਾਇਆ। ਉਹ ਨੌ-ਬਰ-ਨੌ ਹੋ ਗਿਆ। ਮਰਜੀਊੜੇ ਸਿਦਕੀ ਸਿਖ ਭਾਈ ਮਾਣਕ ਚੰਦ ਜੀ ਨੂੰ ਗੁਰੂ ਪਾਤਸ਼ਾਹ ਨੇ ਨਦਰੀ ਨਦਰ ਨਿਹਾਲ ਕਰ ਦਿਤਾ।

---

## ਨੋਟ—ਰਿਸ਼ਤੇ ਨਾਤੇ ਬਾਰੇ ਚਿਠੀਆਂ

ਜਿਨ੍ਹਾਂ ਉਮੀਦਵਾਰਾਂ ਨੇ ਰਿਸ਼ਤੇ ਨਾਤੇ ਦੀਆਂ ਚਿਠੀਆਂ (*Redirect*) ਕਰਨ ਵਾਸਤੇ ਸੂਰਾ ਦਫਤਰ ਨੂੰ ਭੇਜੀਆਂ ਹਨ, ਉਹ ਹਰ ਚਿੱਠੀ ਲਈ ਇਕ ਰੁਪਏ ਦੀ ਟਿਕਟ-ਲੱਗਾ ਲਫਾਫਾ ਫਾਰਮ ਨੰਬਰ ਲਿਖ ਕੇ ਸੂਰਾ ਦਫਤਰ ਨੂੰ ਭੇਜਣ, ਤਾਂਕਿ ਸੰਬੰਧਤ ਚਿਠੀ ਉਸ ਲਫਾਫੇ ਵਿਚ ਪਾ ਕੇ ਉਸ ਫ਼ਾਰਮ ਨੰਬਰ ਦੇ ਵਾਰਸਾਂ ਨੂੰ ਭੇਜੀ ਜਾ ਸਕੇ। ਅਗੋਂ ਲਈ ਭੀ ਜੋ ਕੋਈ ਰਿਸ਼ਤੇ ਨਾਤੇ ਦੀਚਿਠੀ ਕਿਸੇ ਫ਼ਾਰਮ ਲਈ ਭੇਜਦਾ ਹੈ ਉਹ ਇਕ ਰੁਪਏ ਦੀ ਟਿਕਟ-ਲੱਗਾ ਲਫਾਫ਼ਾ ਹਰ ਚਿਠੀ ਨਾਲ ਭੇਜੇ, ਤਾਂ ਹੀ ਚਿਠੀਆਂ ਅਗੇ ਭੇਜੀਆਂ ਜਾ ਸਕਣਗੀਆਂ ਜੀ। ਇਹ ਪੋਸਟ ਆਫ਼ਸ ਕਾਨੂੰਨ ਅਨੁਸਾਰ ਕਰਨਾ ਪਿਆ ਹੈ।

## ਭੂਰਿਆਂ ਵਾਲੇ ਰਾਜੇ ਕੀਤੇ

ਕੈਪਟਿਨ ਸਵਰਨ ਸਿੰਘ ਜੀ ਦੇ ਸਿਖ ਇਤਿਹਾਸ ਬਾਰੇ ਲਿਖੇ ਇਸ ਅਮੋਲਕ ਲੇਖ ਦੀਆਂ ਹੁਣ ਤਕ 33 ਕਿਸ਼ਤਾਂ 'ਸੂਰਾ' ਵਿਚ ਛਪ ਚੁਕੀਆਂ ਹਨ। ਕੈਪਟਿਨ ਸਾਹਿਬ ਦੇ ਪਰਵਾਰਕ ਜੀਆਂ ਨੂੰ ਤਰਾਈ ਇਲਾਕੇ ਵਿਚ ਜ਼ਮੀਨ ਅਬਾਦ ਕਰਦਿਆਂ ਨੂੰ ਸਰਕਾਰੀ ਕਹਿਰ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ, ਜਿਸ ਕਾਰਨ ਕੈਪਟਿਨ ਸਾਹਿਬ ਨੂੰ ਯੂ.ਪੀ. ਵਿਚ ਮਜਬੂਰਨ ਜਾਣਾ ਪੈ ਗਿਆ ਹੈ। ਇਸੇ ਕਾਰਨ ਜਨਵਰੀ ਅਤੇ ਫ਼ਰਵਰੀ 93 ਦੇ 'ਸੂਰਾ' ਵਿਚ ਇਸ ਲੇਖ ਦੀਆਂ ਅਗਲੀਆਂ ਕਿਸ਼ਤਾਂ ਨਹੀਂ ਛਪ ਸਕੀਆਂ। ਸਤਿਗੁਰੂ ਇਤਿਹਾਸ-ਪ੍ਰੇਮੀ ਦੇ ਇਸ ਖੋਜੀ ਗੁਰਸਿਖ ਨੂੰ ਇਸ ਮੁਸੀਬਤ ਤੋਂ ਸੁਰਖ਼ਰੂ ਕਰ ਕੇ, ਸਿਖ ਇਤਿਹਾਸ ਦੀ ਸੇਵਾ ਵਿਚ ਜੁਟਣ ਲਈ ਸਹਾਈ ਹੋਣ।

---

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਰੈਣ ਸਬਾਈ ਕੀਰਤਨ

27-2-93 ਨੂੰ ਗੁਰਦਵਾਰਾ ਰਾਮਗੜ੍ਹੀਆ,1103 ਫ਼ੋਲਜ਼ ਹਿਲ ਰੋਡ ਕੋਵੇਨਟਰੀ (ਯੂ.ਕੇ.)ਵਿਖੇ ਹੋਵੇਗੀ।
ਗੁਰਦਵਾਰਾ ਫ਼ੋਨ 0203-663048, ਸ: ਹਰਭਜਨ ਸਿੰਘ ਬਾਂਸਲ 0203-687331


www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਗਿਆਨੀ ਮਹਿਲ ਸਿੰਘ ਬੰਗਲੌਰ | ੫੦੧-੦੦ | ਗੁਪਤ ਸੇਵਾ ੧੦੦-੦੦ ਗੁਪਤ ਸੇਵਾ | ੨੦੦-੦੦ |
| ਭਾਈ ਪ੍ਰਦੰਮਨ ਸਿੰਘ ਜਲੰਧਰ | ੧੦੦-੦੦ | ਸ: ਅਜਮੇਰ ਸਿੰਘ ਅਸਮਾਨਪੁਰ | ੨੦੦-੦੦ |
| ਗੁਪਤ ਸੇਵਾ ੧੦੦-੦੦ ਗੁਪਤ ਸੇਵਾ | ੧੦੦-੦੦ | ਗੁਪਤ ਸੇਵਾ ੫੦੦-੦੦ ਗੁਪਤ ਸੇਵਾ | ੩੦੦-੦੦ |
| ਭਾਈ ਅਮਰੀਕ ਸਿੰਘ ਨਕੋਦਰ | ੧੦੦-੦੦ | ਸ: ਅਮਰਜੀਤ ਸਿੰਘ ਬਡਰੁਖਾਂ | ੧੦੦-੦੦ |
| ਭਾਈ ਜਗਰਾਜ ਸਿੰਘ ਬਿਲਗਾ | ੭੦੦-੦੦ | ਬੀਬੀ ਦਰਸ਼ਨ ਕੌਰ | ੫੦੦-੦੦ |
| ਭਾਈ ਹਰਮੀਤ ਸਿੰਘ ਲੁਧਿਆਣਾ | ੧੫੦-੦੦ | ਗੁਪਤ ਸੇਵਾ ੨੦੦-੦੦ ਗੁਪਤ ਸੇਵਾ | ੧੦੦੦-੦੦ |
| ਮਾਤਾ ਹਰਬੰਸ ਕੌਰ ਨਵੀਂ ਦਿਲੀ | ੫੦੦-੦੦ | ਭਾਈ ਮੋਹਨ ਸਿੰਘ ਵਿਰਕ ਵਰਨਨ | ੧੦੩੯-੦੦ |
| ਬੀਬੀ ਰਾਮ ਕੌਰ ਨਵੀਂ ਦਿਲੀ | ੨੦੦੦-੦੦ | ਸ: ਅਮਰਜੀਤ ਸਿੰਘ ਖੁਨ ਖੁਨ ,, | ੧੦੬੦-੦੦ |
| ਸ: ਕੇਹਰ ਸਿੰਘ ਲੁਧਿਆਣਾ | ੧੦੦-੦੦ | ਸ: ਦਲਵਿੰਦਰ ਸਿੰਘ ਖਾਲਸਾ ,, | ੯੫੬-੦੦ |
| ਗਿਆਨੀ ਮੋਹਨ ਸਿੰਘ ਬੁਲ੍ਹੋਵਾਲ | ੨੦੦-੦੦ | ਸ: ਦਰਸ਼ਨ ਸਿੰਘ ਔਜਲਾ ,, | ੧੬੬੭-੦੦ |
| ਸ: ਜੁਗਿੰਦਰ ਸਿੰਘ ਯੂ.ਕੇ. | ੨੫੦-੦੦ | ਸ: ਪਰਦੀਪ ਸਿੰਘ ਔਜਲਾ ,, | ੧੦੩੯-੦੦ |
| ਸ: ਅਮਰਜੀਤ ਸਿੰਘ ਲੁਧਿਆਣਾ | ੩੦੦-੦੦ | ਸ: ਜੀਤ ਸਿੰਘ ਦੁਖੀਆ ਵਰਨਨ | ੫੨੦-੦੦ |
| ਬੀਬੀ ਗੁਰਬਚਨ ਕੌਰ ਲੁਧਿਆਣਾ | ੧੦੦-੦੦ | ਸ: ਬਲਬੀਰ ਬਸਰਾ ,, | ੪੪੨੫-੦੦ |
| ਭਾਈ ਦਰਸ਼ਨ ਸਿੰਘ ਮੂਲੀਆਂਵਾਲ | ੫੦-੦੦ | ਬੀ: ਮਹਿੰਦਰ ਕੌਰ ਔਜਲਾ ,, | ੧੦੩੯-੦੦ |
| ਕਾਕਾ ਕੁਲਜੀਤ ਸਿੰਘ ਲੁਧਿਆਣਾ | ੩੦੦-੦੦ | ਸ: ਅਮਰਜੀਤ ਸਿੰਘ ਸੰਧੂ ,, | ੩੦੨੫-੦੦ |
| ਕਾਕਾ ਪਰਦੀਪ ਸਿੰਘ ਕਿਲ੍ਹਾ ਰਾਇਪੁਰ | ੭੫-੦੦ | ਸ: ਪਰਮਿੰਦਰ ਸਿੰਘ ਲੁਧਿਆਣਾ | ੧੦੦-੦੦ |
| ਸ: ਮਲਕੀਤ ਸਿੰਘ ਸਲੋਅ ਯੂ ਕੇ. | ੫੦੦੦-੦੦ | ਸ: ਹਰਬੰਸ ਸਿੰਘ ਲੁਧਿਆਣਾ | ੨੭੦੦-੦੦ |
| ਸ: ਓਂਕਾਰ ਸਿੰਘ ਲਿਸਟਰ ਯੂ ਕੇ. | ੬੫੬੦-੦੦ | ਸ: ਹਰਬੰਸ ਸਿੰਘ ਲੁਧਿਆਣਾ | ੩੦੦-੦੦ |
| ਸ: ਸੁਰਿੰਦਰ ਸਿੰਘ ਬੀ: ਸੁਰਿੰਦਰ ਕੌਰ ਰੈਡਿੰਗ | ੧੨੫੦-੦੦ | ਗੁਪਤ ਸੇਵਾ ੧੬੦-੦੦ ਗੁਪਤ ਸੇਵਾ | ੫੦-੦੦ |
| ਬੀਬੀ ਅਮਰੀਕ ਕੌਰ ਰੈਡਿੰਗ ਯੂ.ਕੇ. | ੧੨੫੦-੦੦ | ਸ: ਜਗਜੀਵਨ ਸਿੰਘ ਫਤਹ ਮਾਜਰੀ | ੧੦੦-੦੦ |
| ਬੀਬੀ ਸੁਰਜੀਤ ਕੌਰ ਸਲੋਅ ਯੂ ਕੇ. | ੧੦੦੦-੦੦ | ਸ: ਜੁਗਿੰਦਰ ਸਿੰਘ ਮਜੀਠਾ (ਚੜ੍ਹਾਵਾ) | ੧੨੫-੦੦ |
| ਭਾਈ ਅਮਰੀਕ ਸਿੰਘ ਗਲੈਸਗੋ ਯੂ ਕੇ. | ੫੦੬੦-੦੦ | ਗੁਰਦੁਆਰਾ ਸਿੰਘ ਸਭਾ ਫੇਰੂਮਨੂਰ ਕੋਚੀ | ੪੦-੦੦ |
| ਬੀਬੀ ਰਣਜੀਤ ਕੌਰ ਨੌਰਥੈਂਪਟਨ ਯੂ ਕੇ. | ੮੦੦-੦੦ | ਸ: ਦਲਜੀਤ ਸਿੰਘ ਅਰਲਿੰਗਟਨ ਯੂ.ਕੇ. | ੪੦੨੨-੦੦ |
| ਭਾਈ ਗੁਰਦੇਵ ਸਿੰਘ ਖਾਲਸਾ ਰੈਡਿੰਗ ਯੂ ਕੇ. | ੪੫੦-੦੦ | ਗੁਪਤ ਸੇਵਾ ਬੀਬੀਆਂ ਸਲੋਅ ,, | ੧੨੦੦-੦੦ |
| ਬੀਬੀ ਸਤਨਾਮ ਕੌਰ ਸਲੋਅ ਯੂ ਕੇ | ੧੧੦੦-੦੦ | ਭਾ: ਮਨਜੀਤ ਸਿੰਘ ਬਰਮਿੰਘਮ ,, | ੧੧੫੦-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀ: ਮਹਿੰਦਰ ਕੌਰ ਮਾਤਾ ਸ਼ਹੀਦ ਸੁਖਰਾਜ ਸਿੰਘ ਲੁਹਾਰਕਾ—ਪੁਤਰ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਬੀ: ਨਿਰਪ੍ਰੀਤ ਕੌਰ ਪਤਨੀ ਭਾ: ਰੌਸ਼ਨ ਸਿੰਘ ਘੋੜੇਵਾਹ—ਬੱਚੇ ਦੀ ਪੜ੍ਹਾਈ ਲਈ | ੫੦੦੦-੦੦ |
| ਬੀ: ਪਰਮਜੀਤ ਕੌਰ ਪਤਨੀ ਭਾ: ਸੁਲੱਖਣ ਸਿੰਘ ਚਾਚੋਂਵਾਲੀ—ਪੁਤਰ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਬੀ: ਦਲਬੀਰ ਕੌਰ ਪਤਨੀ ਭਾ: ਲਖਬੀਰ ਸਿੰਘ ਪਿੰਡ ਖੇੜੀ—ਪਤੀ ਜੇਲ੍ਹ ਚੋਂ ਰਿਹਾ, ਘਰੇਲੂ ਲੋੜਾਂ | ੫੦੦੦-੦੦ |
| ਬੀ: ਕੇਸਰ ਕੌਰ ਪਤਨੀ ਸ: ਚੰਨਣ ਸਿੰਘ ਧਾਰੀਵਾਲ ਸੰਹੀਆਂ—ਪਤੀ ਕੰਮ ਕਾਜ ਤੋਂ ਨਕਾਰਾ | ੫੦੦੦-੦੦ |
| ਬੀ: ਜਸਵੰਤ ਕੌਰ ਪਤਨੀ ਸ਼ਹੀਦ ਹਰਦੇਵ ਸਿੰਘ ਬੁਕਣਵਾਲਾ—ਪਤੀ ਸ਼ਹੀਦ, ਬੱਚਿਆਂ ਦੀ ਪੜ੍ਹਾਈ | ੫੦੦੦-੦੦ |
| ਬੀ: ਜਸਬੀਰ ਕੌਰ ਪਤਨੀ ਸਤਨਾਮ ਸਿੰਘ ਚਾਚੋਂਵਾਲੀ—ਪਤੀ ਪੁਲਸ ਹਿਰਾਸਤ ਚੋਂ ਰਿਹਾ, ਘਰੇਲੂ ਲੋੜਾਂ | ੫੦੦੦-੦੦ |
| ਬੀ: ਬਲਵਿੰਦਰ ਕੌਰ ਮਾਤਾ ਭਾ: ਕਸ਼ਮੀਰ ਸਿੰਘ ਪਿੰਡ ਮਰੜ—ਪੁਤਰ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਬੀ: ਕਸ਼ਮੀਰ ਕੌਰ ਪਤਨੀ ਭਾ: ਬਲਜੀਤ ਸਿੰਘ ਪਿੰਡ ਚਾਚੋਂਵਾਲੀ—ਪਤੀ ਲਾ-ਪਤਾ, ਘਰੇਲੂ ਲੋੜਾਂ | ੧੦੦੦੦-੦੦ |
| ਬੀ: ਗੁਰਮੀਤ ਕੌਰ ਪਤਨੀ ਸ਼ਹੀਦ ਦਲਬੀਰ ਸਿੰਘ ਖੱਬੇ ਰਾਜਪੂਤਾਂ—ਬੱਚੀ ਦੇ ਅਨੰਦ ਲਈ | ੫੦੦੦-੦੦ |
| ਬੀ: ਪਰਮਜੀਤ ਕੌਰ ਪਤਨੀ ਭਾਈ ਕੁਲਵਿੰਦਰ ਸਿੰਘ ਚਾਚੋਂਵਾਲੀ—ਪਤੀ ਲਾ-ਪਤਾ, ਘਰੇਲੂ ਲੋੜਾਂ | ੧੦੦੦੦-੦੦ |
| ਬੀ: ਸਵਿੰਦਰ ਕੌਰ ਮਾਤਾ ਸ਼ਹੀਦ ਮਲਕੀਤ ਸਿੰਘ ਤਰਸਿਕਾ—ਘਰੇਲੂ ਲੋੜਾਂ | ੧੦੦੦-੦੦ |

## ਸੂਰਾ ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ ਪੁਜੀ ਸਹਾਇਤਾ

| | | | |
|---|---|---|---|
| ਸੇਵਾਦਾਰ ਗੁਰਦਵਾਰਾ ਸੋਜਾਤੀ ਗੇਟ ਜੋਧਪੁਰ | ੧੦੦-੦੦ | ਸ: ਸੰਗਤ ਸਿੰਘ ਬਲੱਗਣ | ੧੦੦-੦੦ |
| ਸ: ਕਿਹਰ ਸਿੰਘ ਲੁਧਿਆਣਾ | ੧੦੦-੦੦ | ਗੁਪਤ ਦਾਨ | ੨੦-੦੦ |
| ਸ: ਕਰਤਾਰ ਸਿੰਘ ਗਰੀਬ ਲੁਧਿਆਣਾ | ੧੧-੦੦ | ਬੀਬੀ ਹਰਵਿੰਦਰ ਕੌਰ ਆਸਟ੍ਰੇਲੀਆ | ੧੦੦੦-੦੦ |
| ਸ: ਜੀਤ ਸਿੰਘ ਡੈਨਮਾਰਕ | ੨੪੦-੦੦ | ਜੇ.ਐਸ. ਕਲਾਰ ਅਮ੍ਰੀਕਾ | ੮੦-੦੦ |
| ਸ: ਸਾਧੂ ਸਿੰਘ ਵਰਨਨ | ੪੧੨-੦੦ | ਸ: ਪਰਮਜੀਤ ਸਿੰਘ ਗ੍ਰੀਨਫੋਰਡ | ੩੦੦-੦੦ |
| ਸ: ਹਰਭਜਨ ਸਿੰਘ ਸਾਊਥਾਲ ਯੂ. ਕੇ. | ੧੧੦-੦੦ | ਗੁਪਤ ਦਾਨ | ੨੫-੦੦ |
| ਬੀ: ਰਾਜਿੰਦਰ ਕੌਰ ਸਮਰਾ ਲੰਡਨ (ਚੜ੍ਹਾਵਾ) | ੧੦੦੦-੦੦ | ਸ: ਬਲਜੀਤ ਸਿੰਘ ਗ੍ਰੇਵਾਲ ਡੈਲਟਾ | ੫੧-੦੦ |

www.AKJ.Org

## ਪਟਿਆਲਾ ਗੁ: ਦੂਖ ਨਿਵਾਰਨ ਸਾਹਿਬ ਵਿਖੇ ਬਸੰਤ ਰੁਤ ਦਾ ਕੀਰਤਨ ਸਮਾਗਮ 18 ਤੋਂ 21 ਫ਼ਰਵਰੀ

੧੮ ਫਰਵਰੀ ਸਵੇਰੇ ੪ ਤੋਂ ੬ ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡ ਪਾਠ ਅਰੰਭ ਗੁ: ਦੂਖ ਨਿਵਾਰਨ ਸਾਹਿਬ ਸਕੂਲ ਵਿਖੇ, ਸ਼ਾਮ ੬ ਤੋਂ ੮ ਕੀਰਤਨ ਗੁਰਦਵਾਰਾ ਮੋਤੀ ਬਾਗ, ੧੯ ਫ਼ਰਵਰੀ ਸਵੇਰੇ ੩ ਤੋਂ ੯ ਕੀਰਤਨ ਨਵੀਨ ਗੁ: ਸਿੰਘ ਸਭਾ, ਧਰਮਪੁਰ ਬਜ਼ਾਰ, ਸ਼ਾਮ ੬ ਤੋਂ ੯ ਕੀਰਤਨ ਗੁਰਦਵਾਰਾ ਦਰਸ਼ਨੀ ਦਰਬਾਰ ਸਫ਼ਾਬਾਦੀ ਗੇਟ,੨੦ ਫ਼ਰਵਰੀ ਸਵੇਰੇ ੪ ਤੋਂ ੧ ਵਜੇ ਦੁਪਹਿਰ ਤਕ ਭੋਗ ਸ੍ਰੀ ਅਖੰਡ ਪਾਠ ਉਪਰੰਤ ਹਜ਼ੂਰੀ ਕੀਰਤਨ ਦੂਖ ਨਿਵਾਰਨ ਸਾਹਿਬ, ਸ਼ਾਮ ਨੂੰ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ-ਸੰਚਾਰ। ਲੋੜ ਅਨੁਸਾਰ ਪ੍ਰੋਗਰਾਮ ਵਿਚ ਤਬਦੀਲੀ ਹੋ ਸਕਦੀ ਹੈ।

ਨੋਟ—ਰਿਹਾਇਸ਼ ਤੇ ਲੰਗਰ ਗੁ: ਦੂਖ ਨਿਵਾਰਨ ਸਾਹਿਬ ਵਿਖੇ, ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

ਦਾਸਰੇ—ਸਮੂਹ ਸੰਗਤ ਤੇ ਅਖੰਡ ਕੀਰਤਨੀ ਜਥਾ, ਪਟਿਆਲਾ

## ਸਾਲਾਨਾ ਹੋਲਾ ਮਹੱਲਾ ਸਮਾਗਮ ਸ੍ਰੀ ਅਨੰਦਪੁਰ ਕਲਗੀਧਰ ਕੀਰਤਨ ਦਰਬਾਰ (ਲੋਹਗੜ੍ਹ) ਵਿਖੇ

ਦਸਮੇਸ਼ ਜੀ ਦੀ ਨਗਰੀ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ਰਲ ਮਿਲ ਕੇ ਮਨਾਏ ਜਾ ਰਹੇ ਹਨ।

੬ ਮਾਰਚ ਸਵੇਰੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ ਗੁ: ਕਲਗੀਧਰ ਕੀਰਤਨ ਦਰਬਾਰ, ੭ ਮਾਰਚ ਸ਼ਾਮ ਸੋਦਰ ਦੀ ਚੌਕੀ ਤਖਤ ਸ੍ਰੀ ਕੇਸਗੜ੍ਹ ਸਾਹਿਬ ੮ ਮਾਰਚ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸੰਚਾਰ। ਕੇਵਲ ਅੰਮ੍ਰਿਤਧਾਰੀ ਸੰਗਤਾਂ ਲਈ ਰਿਹਾਇਸ਼ ਹੋਵੇਗੀ ਪਰ ੯ ਸਵੇਰੇ ਸਮਾਪਤੀ ਉਪਰੰਤ ਕੋਈ ਰਿਹਾਇਸ਼ ਨਹੀਂ ਹੋਵੇਗੀ। ਆਪਣੇ ਬਿਸਤਰੇ ਤੇ ਦਰੀਆਂ ਲੈ ਕੇ ਆਓ। ਲੰਗਰ ਦੀ ਸੇਵਾ ਲਈ ਤਿਆਰ-ਬਰ-ਤਿਆਰ ਸਿੰਘ ਤੇ ਬੀਬੀਆਂ ਪੁਜਣ। ਲੋੜ ਮੂਜਬ ਪ੍ਰੋਗਰਾਮ ਤਬਦੀਲੀ ਦਾਸਰਾ : ਜਥੇਦਾਰ ਅਖੰਡ ਕੀਰਤਨ ਜਥਾ

## ਕੁਰਾਲੀ ਵਿਖੇ ੧੮ ਤੋਂ ੨੧ ਮਾਰਚ ਤਕ ਅਖੰਡ ਕੀਰਤਨ ਸਮਾਗਮ ਹੋਣਗੇ

## ਵੱਡੇ ਘਲੂਘਾਰੇ ਦੀ ਯਾਦ ਵਿਚ ਰੋਹੀੜਾ ਘਲੂਘਾਰਾ (ਸੰਗਰੂਰ) ਵਿਚ ਪ੍ਰੋਗਰਾਮ

੪ ਫਰਵਰੀ ਸਵੇਰੇ ਸ੍ਰੀ ਅਖੰਡ ਪਾਠ ਅਰੰਭ, ੬ ਫਰਵਰੀ ਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ, ੭-੮ ਫਰਵਰੀ ਸ਼ਾਮ ਗੁਰਦੁਆਰਾ ਸਾਹਿਬ ਰੋਹੀੜਾ ਘਲੂਘਾਰਾ, ੯-੧੦ ਫ਼ਰਵਰੀ ਸ਼ਾਮ ਗੁਰਦਵਾਰਾ ਬੇੜਹਾਈ ਖੁਰਦ, ੧੧-੧੨ ਫਰਵਰੀ ਸ਼ਾਮ ਗੁ: ਰੋੜੀ ਸਾਹਿਬ ਪਾ: ੬ ਬੇੜਹਾਈ ਕਲਾਂ, ੧੩ ਫਰਵਰੀ ਗੁ: ਸਿੰਘ ਸਭਾ ਮੰਡੀ ਅਹਿਮਦਗੜ੍ਹ ਵਿਖੇ ਸ਼ਾਮ ਨੂੰ (ਮਾਸਕ) ਰੈਣ ਸਬਾਈ ਕੀਰਤਨ।

## ਮੋਗਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ਗੁ: ਗੁਰੂ ਤੇਗ ਬਹਾਦਰ ਸਾਹਿਬ ਦੁਸਾਂਝ ਰੋਡ ਵਿਖੇ

੨੭ ਫਰਵਰੀ ਸਵੇਰੇ ਅਖੰਡਪਾਠ ਦੇ ਭੋਗ ਭਾਈ ਨਿਧਾਨ ਸਿੰਘ ਦੇ ਗ੍ਰਿਹਿ ਵਿਖੇ, ਉਪਰੰਤ ਦੁਪਹਿਰ ਤਕ ਕੀਰਤਨ ਅਤੇ ਸ਼ਾਮ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਗੁਰਦੁਆਰਾ ਸਾਹਿਬ ਵਿਖੇ। ਦਾਸਰੇ—ਅਖੰਡ ਕੀਰਤਨੀ ਜਥਾ ਮੋਗਾ

## ਗੁਰਦਵਾਰਾ ਘਲੂਘਾਰਾ ਕਾਹਨੂੰਵਾਨ ਛੰਭ (ਗੁਰਦਾਸਪੁਰ) ਵਿਖੇ ਸ਼ਹੀਦਾਂ ਦੀ ਯਾਦ ਵਿਚ ਸਮਾਗਮ

੨੫ ਤੋਂ ੨੭ ਫਰਵਰੀ ਸ੍ਰੀ ਅਖੰਡਪਾਠ, ਦੁਪਹਿਰ ਤਕ ਕੀਰਤਨ, ਰਾਤ ਰੈਣ ਸਬਾਈ ਤੇ ਅੰਮ੍ਰਿਤ ਸੰਚਾਰ

**ਝਾਂਡੇ(ਨੇੜੇ ਬਦੋਵਾਲ-ਲੁਧਿਆਣਾ)ਡਾ:ਗੁਰਚਰਨ ਸਿੰਘ,7ਫਰਵਰੀ ਪਾਠ ਦੇ ਭੋਗ,ਦੁਪਹਿਰ ਤਕ ਕੀਰਤਨ**

**ਲਹਿਰਾ ਮੁਹੱਬਤ (ਬਠਿੰਡਾ)ਭਾ: ਹਰਫੂਲ ਸਿੰਘ, 13 ਫਰਵਰੀ, ਭੋਗ ਅਖੰਡਪਾਠ, ਰੈਣ ਸਬਾਈ ਕੀਰਤਨ**

**ਕੂਕੋਵਾਲ (ਨੇੜੇ ਪਿੰਡ ਪਾਂਛਠ-ਹੁਸ਼ਿਆਰ), 13 ਫਰਵਰੀ, ਰੈਣ ਸਬਾਈ ਕੀਰਤਨ**

**ਘਨੌਰ (ਪਟਿਆਲਾ) ਭਾਈ ਖਜ਼ਾਨ ਸਿੰਘ, 27 ਫਰਵਰੀ ਭੋਗ ਅਖੰਡਪਾਠ, ਰੈਣ ਸਬਾਈ ਕੀਰਤਨ**

**ਚੰਡੀਗੜ੍ਹ 245-ਸੈਕਟਰ 35-ਏ. ਭਾ:ਸਤਿਨਾਮ ਸਿੰਘ, 28.2. ਸਵੇਰੇ ਭੋਗ ਅਖੰਡਪਾਠ, ਉਪ੍ਰੰਤ ਕੀਰਤਨ**

---

ਮਨੀਆਰਡਰ ਤੇ ਚਿੱਠੀ ਪੱਤਰ ਭੇਜਣ ਦਾ ਪਤਾ—

'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ

www.AKJ.Org